ਉਨ੍ਹਾਂ ਦੀ ਸੇਵਾ ਦੀ ਕਦਰ ਕਰਨ ਵਾਲੀਆਂ ਮਹਾਨ ਸਿੱਖ ਹਸਤੀਆਂ ਉਨ੍ਹਾਂ ਨੂੰ ਦਿਲ ਤੋਂ ਪਿਆਰ ਕਰਦੀਆਂ ਸਨ । ਪਰ ਕੁਝ ਕੁ ਈਰਖਾਲੂ ਲੋਕਾਂ ਨੇ ਉਨ੍ਹਾਂ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਤੋਂ ਬਾਹਰ ਕਰਨ ਲਈ ਬੋਲ-ਕਬੋਲ ਵੀ ਬੋਲੇ । ਹੁਣ ਉਨ੍ਹਾਂ ਦੁਨੀਆਂ ਭਰ ਤੋਂ ਦਰਸ਼ਨ ਕਰਨ ਵਾਲੀ ਸੰਗਤ ਨੂੰ ਜਲ-ਛਕਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ । ਪਰ ਇਸ ਸੇਵਾ ਨੂੰ ਨਿਭਾਉਂਦਿਆਂ ਵੀ ਉਨ੍ਹਾਂ ਨੂੰ ਨਫ਼ਰਤ ਦੀ ਅੱਗ ਵਿੱਚ ਸੜ ਰਹੇ ਲੋਕਾਂ ਦੀ ਘ੍ਰਿਣਾ ਤੇ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ । ਇਕ ਦਿਨ ਉਚਾਟ ਹੋ ਕੇ ਵਾਪਸ ਪੰਜਾਬ ਲਈ ਉਹ ਰੇਲਵੇ ਸਟੇਸ਼ਨ ਨਾਂਦੇੜ ਵਿਖੇ ਪਹੁੰਚ ਗਏ । ਸਟੇਸ਼ਨ ਉੱਤੇ ਹੀ ਇਕ ਨਿੰਮ ਦੇ ਦਰਖ਼ਤ ਹੇਠ ਵੈਰਾਗ ਅਵਸਥਾ ਵਿੱਚ ਬੈਠੇ ਸਨ । ਇਥੇ ਬੈਠਿਆਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ, ਅੱਜ ਪੂਰੀ ਹੋ ਗਈ । ਦਸਮੇਸ਼ ਪਿਤਾ ਜੀ ਦੇ ਬਚਨ ਹੱਥ ਮੇਰਾ ਤੇ ਖੀਸਾ ਤੇਰਾ ਨੇ ਬਾਬਾ ਨਿਧਾਨ ਸਿੰਘ ਵਰਗੀ ਵੈਰਾਗੀ ਆਤਮਾ ਨੂੰ ਧੁਰ ਅੰਦਰੋਂ ਹਿਲਾ ਦਿੱਤਾ ।

ਹੁਣ ਬਾਬਾ ਨਿਧਾਨ ਸਿੰਘ ਗੋਦਾਵਰੀ ਨਦੀ ਦੇ ਕਿਨਾਰੇ ਦਸਮ ਪਿਤਾ ਜੀ ਦੇ ਪੁਰਾਤਨ ਗੁਰੂ ਕੇ ਲੰਗਰ ਦੇ ਅਸਥਾਨ 'ਤੇ ਪਹੁੰਚ ਗਏ । ਆਪਣੇ ਅੰਤਲੇ ਸੁਆਸਾਂ ਤੱਕ ਇਥੇ ਸੰਗਤ ਦੀ ਸੇਵਾ ਤਨ-ਦੇਹੀ ਨਾਲ ਨਿਭਾਈ । ਇਸੇ ਸਥਾਨ 'ਤੇ ਦੇਸ਼ ਦੀ ਆਜ਼ਾਦੀ ਤੋਂ ਥੋੜ੍ਹੇ ਦਿਨ ਪਹਿਲਾਂ 4 ਅਗਸਤ, 1947 ਈ: ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਪਿੱਛੋਂ ਬਾਬਾ ਹਰਨਾਮ



ਸਿੰਘ, ਬਾਬਾ ਆਤਮਾ ਸਿੰਘ ਮੋਨੀ ਅਤੇ ਬਾਬਾ ਸ਼ੀਸ਼ਾ ਸਿੰਘ ਨੇ ਇਸ ਅਸਥਾਨ ਦੀ ਮਹਾਨ ਸੇਵਾ ਨੂੰ ਬਾਖੂਬੀ ਨਿਭਾਇਆ । ਅੱਜ ਇਨ੍ਹਾਂ ਚਾਰਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਤਿੰਨ ਦਿਨਾਂ ਗੁਰਮਤਿ ਸਮਾਗਮ ਚੱਲ ਰਹੇ ਹਨ । ਇਸ ਅਸਥਾਨ ਦੇ ਮੌਜੂਦਾ ਸੇਵਾ ਨਿਭਾਉਣ ਵਾਲੇ ਕਾਰਸੇਵਾ ਮੁਖੀ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਦਿਨ ਰਾਤ ਚੱਲਣ ਵਾਲੇ ਗੁਰੂ ਕੇ ਲੰਗਰ ਵਿੱਚੋਂ ਸੰਸਾਰ ਭਰ ਤੋਂ ਆਉਣ ਵਾਲੀ ਸੰਗਤ ਇਥੇ ਗੁਰੂ ਕਾ ਲੰਗਰ ਛਕਦੀ ਹੈ। ਇਸੇ ਅਸਥਾਨ 'ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚ ਰਹੀ ਰੇਲ ਗੱਡੀਆਂ, ਹਵਾਈ ਜਹਾਜ਼ਾਂ, ਕਾਰਾਂ, ਬੱਸਾਂ ਰਾਹੀਂ ਆਉਣ ਵਾਲੀ ਸੰਗਤ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਰਿਹਾਇਸ਼ੀ ਬਹੁਮੰਜ਼ਿਲਾਂ ਇਮਾਰਤਾਂ ਰਾਹੀਂ ਸਾਂਭ ਸੰਭਾਲ ਕੀਤੀ ਜਾਂਦੀ ਹੈ । ਨਾਮ-ਬਾਣੀ ਦੇ ਪ੍ਰਵਾਹ ਰਾਤ ਦਿਨ ਚੱਲਦੇ ਰਹਿੰਦੇ ਹਨ । ਵਾਤਾਵਰਣ ਨੂੰ ਬਚਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਨਾਂਦੇੜ ਸ਼ਹਿਰ ਵਿੱਚ ਪੌਦੇ ਲੱਗਵਾ ਕੇ ਸ਼ਹਿਰ ਨੂੰ ਹਰਿਆ-ਭਰਿਆ ਕੀਤਾ ਗਿਆ ਹੈ । ਇਨ੍ਹਾਂ ਸਮਾਗਮਾਂ ਦੌਰਾਨ ਦੇਸ਼ ਭਰ ਤੋਂ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀ ਹੈ । ਉੱਥੇ ਕੀਰਤਨੀਏ, ਢਾਡੀ, ਪ੍ਰਚਾਰਕ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ ਨਾਲ ਜੋੜਦੇ ਹਨ । ਹਰ ਸਾਲ ਵਾਂਗ ਇਸ ਵਾਰ ਵੀ ਇਹ ਸਮਾਗਮ ਯਾਦਗਾਰੀ ਹੋਵੇਗਾ।



# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਪੰਥ ਦੇ ਮਹਾਨ ਵਿਦਿਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਜੀ ਦੇ ਸਤਿਕਾਰਯੋਗ ਪਿਤਾ

# ਸ: ਗੁਰਮੇਜ ਸਿੰਘ ਜੀ ਦੀ ਅੰਤਿਮ ਅਰਦਾਸ ਦੁਸਹਿਰੇ ਦੇ ਭੋਗ ਪਾਏ ਗਏ

**ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਭਿੰਡਰਾਂਵਾਲਿਆਂ, ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਪੰਥਕ ਸ਼ਖਸੀਅਤਾਂ ਸਮੇਤ ਵੱਡੀ ਗਿਣਤੀ 'ਚ ਲੋਕਾਂ ਨੇ ਲਵਾਈ ਹਾਜ਼ਰੀ**








ਆਵਾਜ਼ਿ ਕੌਮ AWAZE QAUM International Newspaper & WEB TV








ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਨਨਕਾਣਾ ਸਾਹਿਬ ਵਾਲਿਆਂ ਵੱਲੋਂ

# 'ਦਾ ਵਿਰਾਸਤ' ਹੋਟਲ ਦਾ ਕੀਤਾ ਉਦਘਾਟਨ



**ਚੌਕ ਮਹਿਤਾ, 3 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਪਿੰਡ ਉੱਦੋ ਨੰਗਲ ਮਹਿਤਾ ਚੌਕ ਵਿੱਖੇ ਬਾਬਾ ਬਲਦੇਵ ਸਿੰਘ ਨਿਹੰਗ ਸਿੰਘ ਜੀ ਨੇ ਰੋਇਅਲ ਫਾਰਮ ਖੁੱਲਿਆ ਗਿਆ। ਵਿਰਾਸਤ ਹੋਟਲ ਮਹਿਤਾ ਅੰਮ੍ਰਿਤਸਰ ਰੋਡ ਮਹਿਤਾ ਚੌਕ ਦਾ ਉਦਘਾਟਨ ਸ੍ਰੀ ਮਾਨ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੀ ਬਾਬਾ ਮੇਜਰ ਸਿੰਘ ਸੋਢੀ ਨਨਕਾਣਾ ਸਾਹਿਬ ਵਾਲਿਆ ਦਾ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ ਤੇ ਸਿੰਘ ਸਾਹਿਬ ਜਥੇਦਾਰ ਸ੍ਰੀ ਮਾਨ ਜਥੇਦਾਰ ਸੰਤ ਬਾਬਾ ਮੇਜਰ ਸਿੰਘ ਜੀ ਸੋਢੀ ਵੱਲੋਂ ਦਾ ਵਿਰਾਸਤ ਹੋਟਲ ਦਾ ਉਦਘਾਟਨ ਕੀਤਾ ਗਿਆ ਇਸ ਮੌਕੇ ਬਾਬਾ ਬਲਦੇਵ ਸਿੰਘ ਨਿਹੰਗ ਉਹਨਾਂ ਦੇ ਬੇਟੇ ਜੁਗਰਾਜ ਸਿੰਘ, ਦਸਮੇਸ਼ ਤਰਨਾ ਦਲ ਦੇ ਜਰਨਲ ਸਕੱਤਰ ਬਾਬਾ ਹਰਜਿੰਦਰ ਸਿੰਘ,ਪੰਜਾਬ ਪ੍ਰਧਾਨ ਜੋਗਿੰਦਰ ਸਿੰਘ ਜਲਾਲ, ਜਥੇਦਾਰ ਜੁਗਰਾਜ ਸਿੰਘ, ਚੇਅਰਮੈਨ ਸਤਨਾਮ ਸਿੰਘ ਨਾਹਰ, ਭਾਈ ਮਹਿਤਾਬ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਜੋਬਨਜੀਤ ਸਿੰਘ, ਭਾਈ ਚਮਕੌਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਤਰਸੇਮ ਸਿੰਘ ਆਦਿ ਸਿੰਘ ਹਾਜ਼ਰ ਸਨ।

### ਅਕਾਲੀ ਦਲ ਦੀ ਨੀਤੀ ਅਤੇ ਵਿਧੀ ਵਿਧਾਨ ਬਾਰੇ

# ਤਿੰਨ ਦਿਨਾਂ ਗੋਸ਼ਟੀ ਗੰਭੀਰ ਵਿਚਾਰਾਂ ਨਾਲ ਸਮਾਪਤ




**ਨਵੀਂ ਦਿੱਲੀ, 3 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਵਿਧੀ ਵਿਧਾਨ ਤੇ ਨੀਤੀ ਸਬੰਧੀ ਵਿਸ਼ੇ ਨੂੰ ਮੁੱਖ ਰੱਖਦਿਆਂ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਵਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਵਿਚਾਰ ਗੋਸ਼ਟੀ ਕਰਵਾਈ ਗਈ। ਆਖਰੀ ਦਿਨ ਵੀ ਬੁਲਾਰਿਆਂ ਅਤੇ ਸਰੋਤਿਆਂ ਨਾਲ ਭਰਭੂਰ ਰਿਹਾ, ਜਿਸ ਵਿਚ ਦੂਰੋਂ ਨੇੜਿਓਂ ਆਮ ਖਾਸ ਚਿਹਰੇ ਬੁਲਾਰਿਆਂ ਦੇ ਵਿਚਾਰ ਸੁਣਨ ਲਈ ਖਾਸ ਤੌਰ ਤੇ ਪੁੱਜੇ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਵੱਖ ਵੱਖ ਸਮੇਂ ਹਿੱਸਾ ਰਹੇ ਵਿਚਾਰਕਾਂ ਨੇ ਅਕਾਲੀ ਦਲ ਦੀਆਂ ਖਾਮੀਆਂ ਉਜਾਗਰ ਕਰਕੇ ਦੱਸੀਆਂ। ਤੀਸਰੇ ਦਿਨ ਦੀ ਵਿਚਾਰ ਗੋਸ਼ਟੀ ਦੀ ਆਰੰਭਤਾ ਵੀ ਨਾਮ ਸਿਮਰਨ ਤੋਂ ਹੋਈ, ਉਪਰੰਤ ਡਾ.ਗੁਰਵੀਰ ਸਿੰਘ ਨੇ ਗੋਸ਼ਟੀ ਦੇ ਮਨੋਰਥ ਸਬੰਧੀ ਆਏ ਪਤਵੰਤਿਆਂ ਨਾਲ ਸਾਂਝ ਪਾਈ। ਇਸ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਭਾਈ ਭੁਪਿੰਦਰ ਸਿੰਘ ਗਰੇਵਾਲ ਵਲੋਂ ਨਿਭਾਈ ਗਈ। ਬੁਲਾਰੇ ਵਜੋਂ ਸ੍ਰ. ਹਰਪਿੰਦਰ ਸਿੰਘ ਕੋਟਕਪੂਰਾ ਅਤੇ ਪਰਮਜੀਤ ਸਿੰਘ ਮੰਡ ਦਲ ਖਾਲਸਾ ਨੇ ਕਿਹਾ ਕਿ ਜੇਕਰ ਅਕਾਲੀ ਦਲ ਦੀ ਪੁਨਰਸੁਰਜੀਤੀ ਕਰਨੀ ਹੈ ਤਾਂ ਦਿੱਲੀ ਤਖਤ ਦੀ ਜਗ੍ਹਾ ਅਧੀਨਗੀ ਸ੍ਰੀ ਅਕਾਲ ਤਖਤ ਸਾਹਿਬ ਦੀ ਕਬੂਲ ਕਰਨੀ ਪੈਣੀ ਹੈ, ਵੋਟ ਸਿਆਸਤ ਅਤੇ ਅਕਾਲੀ ਸਿਆਸਤ ਦਾ ਦਾਇਰਾ ਵੱਖ ਵੱਖ ਰਹੇਗਾ। ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਅਕਾਲੀ ਦਲ ਦੇ ਨਿਘਾਰ ਦਾ ਕਾਰਨ ਸਿਧਾਤਾਂ ਤੋਂ ਸੱਖਣਾ ਹੋਣਾ ਹੈ। ਕੰਵਰਜੀਤ ਸਿੰਘ ਸਿੱਧੂ (ਭਾਸ਼ਾ ਵਿਭਾਗ ਫਰੀਦਕੋਟ) ਨੇ ਵਿਚਾਰ ਦਿੱਤਾ ਕਿ ਪੰਥਕ ਪ੍ਰਬੰਧ ਅਨੁਸਾਰ ਚੁਣਿਆ ਅਕਾਲੀ ਦਲ ਵੀ ਵਿਧਾਨ ਸਭਾ ਚੋਣਾਂ ਲੜਨ ਵਾਲੀ ਪਾਰਟੀ ਬਣਕੇ ਪੰਥਕ ਖਾਸੇ ਤੇ ਕਾਇਮ ਨਹੀਂ ਰਹਿ ਸਕਦਾ। ਹਰਦੀਪ ਸਿੰਘ ਡਿਬਡਿਬਾ ਅਤੇ ਭਾਈ ਜਸਪਾਲ ਸਿੰਘ ਮੰਝਪੁਰ ਜੀ ਨੇ ਸੁਝਾਅ ਦਿੱਤਾ ਕਿ ਪੰਥਕ ਪ੍ਰਚਲਿਤ ਸਬਦ (ਅਕਾਲੀ) ਨੂੰ ਨਾ ਵਰਤਿਆ ਜਾਵੇ, ਭਾਵੇਂ ਪਾਰਟੀ ਕੋਈ ਵੀ ਬਣੇ। ਭਾਈ ਮਨਧੀਰ ਸਿੰਘ ਪੰਥ ਸੇਵਕ ਜਥਾ ਦੁਆਬਾ ਨੇ ਦੱਸਿਆ ਕਿ ਵੋਟ ਪ੍ਰਣਾਲੀ ਰਾਹੀਂ ਪੰਥ ਦੀ ਤਰਜਮਾਨੀ ਨਹੀਂ ਹੋ ਸਕਦੀ, ਨਿਆਰੀ ਹੋਂਦ ਲਈ ਵੱਖਰੀ ਜਥੇਬੰਦੀ ਚਾਹੀਦੀ ਹੈ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਵੋਟ ਸਿਆਸਤ ਹੀ ਸਾਰੀ ਸਿਆਸਤ ਨਹੀਂ ਹੁੰਦੀ, ਕੁਝ ਵੀ ਨਵਾਂ ਬਣਾਉਣ ਤੋਂ ਪਹਿਲਾਂ ਸਾਨੂੰ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ।

ਇਨ੍ਹਾਂ ਤੋਂ ਇਲਾਵਾ ਡਾ.ਪਰਮਵੀਰ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਈਮਾਨ ਸਿੰਘ ਖਾਰਾ (ਵਾਰਿਸ ਪੰਜਾਬ ਦੇ), ਗੁਰਦੀਪ ਸਿੰਘ ਬਠਿੰਡਾ, ਬਾਬਾ ਹਰਦੀਪ ਸਿੰਘ ਮਹਿਰਾਜ, ਡਾ. ਜਮਸੇਦ ਅਲੀ ਖਾਨ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਭਾਈ ਮੋਹਕਮ ਸਿੰਘ, ਕਰਨੈਲ ਸਿੰਘ ਪੰਜੋਲੀ, ਸਾਬਕਾ ਸਿੱਖ ਫੈਡਰੇਸ਼ਨ ਆਗੂ ਸ੍ਰ. ਕੁਲਦੀਪ ਸਿੰਘ, ਭਾਈ ਮੋਹਕਮ ਸਿੰਘ (ਦਮਦਮੀ ਟਕਸਾਲ) ਆਦਿ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਅਤੇ ਵੱਡੀ ਗਿਣਤੀ ਸਰੋਤੇ ਵਿਚਾਰਵਾਨਾਂ ਦੇ ਵਿਚਾਰ ਸੁਣਨ ਲਈ ਹਾਜ਼ਰ ਰਹੇ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਬਾਜ਼ ਸਿੰਘ ਸਿੱਧੂ ਨੇ ਜਗਾ ਰਾਮ ਤੀਰਥ ਪਹੁੰਚ ਕੇ ਬਾਬਾ ਹਰਬੰਸ ਦਾਸ ਨਾਲ ਕੀਤੀ ਮੁਲਾਕਾਤ



**ਤਲਵੰਡੀ ਸਾਬੋ, 02 ਅਗਸਤ (ਗੁਰਜੰਟ ਸਿੰਘ ਨਥੇਹਾ)**-ਹਲਕੇ ਤੋਂ ਚਾਰ ਵਾਰ ਵਿਧਾਇਕ ਰਹਿ ਚੁੱਕੇ ਸੀਨੀਅਰ ਕਾਂਗਰਸੀ ਆਗੂ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਅਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਜੋ ਪਿਛਲੇ ਲੰਬੇ ਅਰਸੇ ਤੋਂ ਹਲਕੇ ਵਿੱਚ ਸਿਆਸੀ ਤੌਰ 'ਤੇ ਵਿਚਰ ਰਹੇ ਹਨ ਨੇ ਅੱਜ ਹਲਕੇ ਦੇ ਵੱਡੇ ਪਿੰਡ ਜਗਾ ਰਾਮ ਤੀਰਥ ਪਹੁੰਚ ਕੇ ਜਿੱਥੇ ਇਲਾਕੇ ਦੇ ਪ੍ਰਸਿੱਧ ਡੇਰਾ ਬਾਬਾ ਸੰਧਿਆ ਦਾਸ ਵਿਖੇ ਇੱਕ ਭੋਗ ਸਮਾਗਮ 'ਚ ਸ਼ਮੂਲੀਅਤ ਕੀਤੀ ਉੱਥੇ ਉਨਾਂ ਨੇ ਡੇਰਾ ਬਾਬਾ ਸੰਧਿਆ ਦਾਸ ਦੇ ਮੁੱਖ ਸੇਵਾਦਾਰ ਬਾਬਾ ਹਰਬੰਸ ਦਾਸ ਨਾਲ ਵੀ ਮੁਲਾਕਾਤ ਕੀਤੀ। ਉਕਤ ਮੁਲਾਕਾਤ ਉਪਰੰਤ ਗੱਲਬਾਤ ਕਰਦਿਆਂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਡੇਰਾ ਬਾਬਾ ਸੰਧਿਆ ਦਾਸ ਨਾਲ ਉਨਾਂ ਦੇ ਪਰਿਵਾਰ ਦਾ ਕਾਫੀ ਪੁਰਾਣਾ ਰਿਸ਼ਤਾ ਹੈ ਕਿਉਂਕਿ ਉਨਾਂ ਦੇ ਪਿਤਾ ਜਦੋਂ ਤੋਂ ਹਲਕਾ ਤਲਵੰਡੀ ਸਾਬੋ ਦੀ ਸਿਆਸਤ 'ਚ ਸਰਗਰਮ ਹਨ ਉਦੋਂ ਤੋਂ ਹੀ ਉਹ ਡੇਰਾ ਬਾਬਾ ਸੰਧਿਆ ਦਾਸ ਵੱਲੋਂ ਸਮੇਂ ਸਮੇਂ ਕਰਵਾਏ ਜਾਂਦੇ ਰਹੇ ਸਮਾਗਮਾਂ 'ਚ ਸ਼ਮੂਲੀਅਤ ਕਰਨ ਪਹੁੰਚਦੇ ਰਹੇ ਹਨ ਅਤੇ ਉਨਾਂ ਵੀ ਹੁਣ ਇੱਥੇ ਕਈ ਸਮਾਗਮਾਂ 'ਚ ਸ਼ਿਰਕਤ ਕੀਤੀ ਅਤੇ ਅੱਜ ਬਾਬਾ ਹਰਬੰਸ ਦਾਸ ਨਾਲ ਵੀ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਉਨਾਂ ਕਿਹਾ ਕਿ ਧਾਰਮਿਕ ਸਖਸ਼ੀਅਤਾਂ ਤੋਂ ਬੜਾ ਕੁਝ ਸਿੱਖਣ ਨੂੰ ਮਿਲਦਾ ਹੈ ਇਸ ਲਈ ਉਹ ਅਕਸਰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਪਹੁੰਚਣ ਸਮੇਂ ਧਾਰਮਿਕ ਹਸਤੀਆਂ ਨੂੰ ਜਰੂਰ ਮਿਲਦੇ ਹਨ। ਇਸ ਮੌਕੇ ਸਿੱਧੂ ਨਾਲ ਸੁਰਜੀਤ ਸ਼ਰਮਾ ਜਗਾ ਰਾਮ ਤੀਰਥ, ਡੂੰਗਰ ਸਿੰਘ ਸੀਂਗੋ, ਹੈਪੀ ਬਹਿਮਣ, ਹਰਜਿੰਦਰ ਸਿੰਘ ਜਿੰਦਾ ਜੀਵਨ ਸਿੰਘ ਵਾਲਾ, ਸੁੱਖੀ ਮੈਨੂੰਆਣਾ, ਬੂਟਾ ਮਿਰਜ਼ੇਆਣਾ, ਹਰਪਾਲ ਗਾਟਵਾਲੀ, ਸੇਵਕ ਤੰਗਰਾਲੀ ਆਦਿ ਆਗੂ ਮੌਜੂਦ ਸਨ।

# ਕੈਬਨਿਟ ਮੰਤਰੀ ਵੱਲੋਂ ਐਡਵੋਕੇਟ ਲਖਵਿੰਦਰ ਸਿੰਘ ਦੀਆਂ ਅੰਤਿਮ ਰਸਮਾ ਮੌਕੇ ਸ਼ਾਮਿਲ ਹੋ ਕੇ ਦਿੱਤਾ ਇਨਸਾਫ ਦਾ ਭਰੋਸਾ ਪ੍ਰੀਵਾਰ ਨਾਲ ਕੀਤਾ ਦੁੱਖ ਸਾਂਝਾ



**ਜੰਡਿਆਲਾ ਗੁਰੂ, 3 ਅਗਸਤ ( ਕੁਲਵੰਤ ਸਿੰਘ ਵਿਰਦੀ)**-ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਬੀਤੇ ਦਿਨੀ ਇੱਕ ਹਮਲੇ ਵਿੱਚ ਗੋਲੀ ਲੱਗਣ ਕਾਰਨ ਜ਼ਖਮੀ ਹੋਏ ਐਡਵੋਕੇਟ ਲਖਵਿੰਦਰ ਸਿੰਘ, ਜਿਨਾਂ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਸੀ ਦੇ ਅੰਤਿਮ ਸੰਸਕਾਰ ਮੌਕੇ ਪਹੁੰਚ ਕੇ ਜਿੱਥੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਉਥੇ ਇਨਸਾਫ ਦਾ ਭਰੋਸਾ ਦਿੱਤਾ। ਉਹਨਾਂ ਕਿਹਾ ਕਿ ਲਖਵਿੰਦਰ ਸਿੰਘ ਨੇ ਇਨਸਾਫ ਦੀ ਲੜਾਈ ਲੜਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਹੈ। ਉਹਨਾਂ ਕਿਹਾ ਕਿ ਮੈਂ ਅੰਮ੍ਰਿਤਸਰ ਪੁਲਿਸ ਨਾਲ ਇਸ ਸੰਬੰਧ ਵਿੱਚ ਲਗਾਤਾਰ ਰਾਬਤਾ ਰੱਖ ਰਿਹਾ ਹਾਂ। ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਵੱਖ-ਵੱਖ ਧਰਾਵਾਂ ਤਹਿਤ ਪਰਚਾ ਦਰਜ ਹੋ ਚੁੱਕਾ ਹੈ। ਉਨਾਂ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਅਤੇ ਪਰਿਵਾਰ ਨੂੰ ਇਨਸਾਫ ਮਿਲੇਗਾ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਸ ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸਰਕਲ ਸੀਂਗੋ ਦੀ ਮਾਤਾ ਦਾ ਦੇਹਾਂਤ, ਐਸੋਸੀਏਸ਼ਨ ਦੇ ਮੈਬਰਾਂ ਨੇ ਕੀਤਾ ਦੁੱਖ ਸਾਂਝਾ

**ਤਲਵੰਡੀ ਸਾਬੋ, 03 ਅਗਸਤ (ਗੁਰਜੰਟ ਸਿੰਘ ਨਥੇਹਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਵੱਲੋਂ ਬਲਾਕ ਦੇ ਸਰਕਲ ਸੀਂਗੋ ਦੇ ਮੈਂਬਰ ਡਾਕਟਰ ਜਗਸੀਰ ਸਿੰਘ ਦੀ ਮਾਤਾ ਸੁਖਜੀਤ ਕੌਰ (65) ਅਚਾਨਕ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਅੱਜ ਉਹਨਾ ਦੇ ਘਰ ਐਸੋਸੀਏਸ਼ਨ ਦੇ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਨਛੱਤਰ ਸਿੰਘ ਨਥੇਹਾ, ਜਿਲਾ ਕਾਰਜਕਾਰੀ



ਮੈਂਬਰ ਲਛਮਣ ਕੁਮਾਰ ਜਗਾ, ਬਲਾਕ ਚੇਅਰਮੈਨ ਜੋਗਿੰਦਰ ਸਿੰਘ ਜਗਾ, ਸੀਂਗੋ ਸਰਕਲ ਪ੍ਰਧਾਨ ਭਰਪੂਰ ਸਿੰਘ ਸੀਂਗੋ, ਗੁਰਮੀਤ ਸਿੰਘ ਜਗਾ, ਕੌਰ ਸਿੰਘ ਸੀਂਗੋ, ਜਗਦੀਸ਼ ਸਿੰਘ ਭੱਟੀ, ਗੁਰਮੇਲ ਸਿੰਘ ਬਹਿਣੀਵਾਲ, ਅਮਰੀਕ ਸਿੰਘ ਨਵਾਂ ਪਿੰਡ, ਜਗਸੀਰ ਸਿੰਘ ਰਾਮਸਰਾ, ਵਿੱਕੀ ਸੇਠ ਰਾਮਾਂ, ਰਛਪਾਲ ਸਿੰਘ ਬਣਾਂਵਾਲੀ, ਜਗਸੀਰ ਸਿੰਘ ਰਾਮਾਂ ਆਦਿ ਸਾਥੀਆਂ ਨੇ ਬਲਾਕ ਤਲਵੰਡੀ ਸਾਬੋ ਦੇ ਸਾਥੀ ਜਗਸੀਰ ਸਿੰਘ ਨਾਲ ਉਹਨਾਂ ਦੇ ਨਿਵਾਸ ਵਿਖੇ ਪਹੁੰਚ ਕੇ ਸਾਥੀ ਨਾਲ ਦੁੱਖ ਸਾਂਝਾ ਕੀਤਾ ਅਤੇ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਯੁੱਧ ਨਸਿਆ ਵਿਰੁੱਧ ਮੁਹਿੰਮ ਦੀ ਸਲਾਘਾ ਪਰ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਨੂੰ ਜਾਣ ਵਾਲੇ ਰਸਤਿਆਂ 'ਚੋਂ

# ਪਹਿਲ ਦੇ ਆਧਾਰ ਤੇ ਨਸ਼ੇ ਦੀਆਂ ਦੁਕਾਨਾਂ ਬੰਦ ਕਰਵਾਈਆਂ ਜਾਣ-ਪ੍ਰਧਾਨ ਰਣਜੀਤ ਸਿੰਘ ਭੋਮਾ

**ਜੰਡਿਆਲਾ ਗੁਰੂ, 3 ਅਗਸਤ ( ਕੁਲਵੰਤ ਸਿੰਘ ਵਿਰਦੀ )**-ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਯੁੱਧ ਨਸਿਆ ਵਿਰੁੱਧ ਚਲਾਇਆ ਗਿਆ ਹੈ ਜਿਸ ਦੀ ਸਲਾਘਾ ਤਾਂ ਕੀਤੀ ਜਾ ਸਕਦੀ ਪਰ ਨਸਿਆ ਨੂੰ ਬੰਦ ਕਰਾਉਣ ਤੋਂ ਪਹਿਲਾਂ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਸਰ ਸਾਹਿਬ ਜੀ ਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸਹੀਦ ਜੀ ਦੇ ਦਰਸ਼ਨ ਜਾਣ ਆਉਣ ਵਾਲੇ ਰਸਤਿਆਂ ਵਿੱਚ ਸਰਾਬ ਦੇ ਠੇਕੇ ਪਾਨ ਬੀੜੀਆਂ ਮੀਟ ਮੱਛੀ ਆਡੇ ਦੀਆਂ ਸਾਰੀਆਂ ਦੁਕਾਨਾਂ ਯੁਧ ਨਸਿਆ ਵਿਰੁੱਧ ਦੇ ਤਹਿਤ ਪਹਿਲ ਦੇ ਆਧਾਰ ਤੇ ਬੰਦ ਕਰਵਾਈਆਂ ਜਾਣ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਸਮੂਹ ਨਾਨਕ ਨਾਮ ਲੇਵੀ ਸੰਗਤਾਂ ਨੂੰ ਅਪੀਲ ਕੀਤੀ ਕਿ ਧੰਨ ਗੁਰੂ ਰਾਮਦਾਸ ਸਾਹਿਬ ਜੀ ਦੀ ਵਸਾਈ ਗੁਰੂ ਨਗਰੀ ਸਿਫਤੀ ਦੇ ਘਰ ਸ੍ਰੀ ਅੰਮਿਤਸਰ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖ ਕਿ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਤੇ ਪਵਿੱਤਰਤਾ ਨੂੰ ਬਹਾਲ ਕਰਾਉਣ ਲਈ ਇੱਕਜੁੱਟਤਾ ਦਿਖਾਉਣ ਲਈ ਇਕ ਪਲੇਟਫਾਰਮ ਤੇ ਇਕੱਠੇ ਹੋ ਕਿ ਆਪਣੀ ਆਵਾਜ ਨੂੰ ਬੁਲੰਦ ਬਣਾ ਕਿ ਸਰਕਾਰ ਦੇ ਕੰਨਾ ਤਕ ਪਹੁੰਚਾਉਣ ਲਈ ਮੈਂਬਰ ਬਣੋ ਜੀ ਮਜੀਠਾ ਅਜਨਾਲਾ ਜੰਡਿਆਲਾ ਅੰਮ੍ਰਿਸਰ ਵੇਰਕਾ ਅਟਾਰੀ ਵੱਲਾ ਵੇਰਕਾ ਆਦਿ ਵੱਖ ਵੱਖ ਜਗ੍ਹਾ ਤੋਂ ਸੰਗਤਾਂ ਦੀ ਹਾਜ਼ਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਕੇ ਡਿਪਟੀ ਕਮਿਸਨਰ ਅੰਮ੍ਰਿਸਰ ਰਾਹੀਂ ਇਸ ਪਵਿੱਤਰਤਾ ਸੰਬੰਧੀ ਮੰਗ ਨੂੰ ਪਹੁੰਚਾ ਕਿ ਸਰਕਾਰ ਨੂੰ ਜਗਾਉਣ ਲਈ ਇਹ ਸੇਵਾ ਆਰੰਭ ਕੀਤੀ ਜਾ ਰਹੀ ਹੈ ਅੱਗੇ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਸਰ ਸਾਹਿਬ ਜੀ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਜੀ ਦੇ ਦਰਸ਼ਨ ਕਰਨ ਵਾਲੇ ਚੌਂਕਾ ,ਵੱਖ ਵੱਖ ਬਜਾਰਾਂ ਤੇ ਚੌਕ ਮਹਾਂ ਸਿੰਘ , ਸੇਰਾ ਵਾਲਾ ਗੇਟ ,ਹਾਲ ਗੇਟ , ਥਾਣਾ ਬੀ ਡਵੀਜ਼ਨ ਤੇ ਕਹੀਆਂ ਵਾਲਾ ਬਜਾਰ ਤੇ ਢੋਲੀ ਮੁਹੱਲਾ ਬਜਾਰ ਤੇ ਜਲੇਬੀ ਵਾਲਾ ਚੌਂਕ ਚ ਪਾਨ ਬੀੜੀਆਂ ਮੀਟ ਮੁਰਗਾ ਪਸੂਆਂ ਤੇ ਮੱਛੀ ਆਡੇ ਮੀਟ ਸਰਾਬ ਦੇ ਠੇਕੇ ਸਰੇਆਮ ਸਾਰੀਆਂ ਦੁਕਾਨਾਂ ਵਾਤਾਵਰਨ ਨੂੰ ਭੈੜਾ ਬਣਾ ਕਿ ਭੈੜੀ ਸਮੈਲ ਮਾਰਕੇ ਵਾਤਾਵਰਣ ਖਰਾਬ ਕਰ ਰਹੀਆਂ ਹਨ ! ਜੋ ਦੇਸ ਵਿਦੇਸ ਤੋਂ ਦਰਸ਼ਨ ਕਰਨ ਆ ਰਹੀਆਂ ਲੱਖਾਂ ਸੰਗਤਾਂ ਦੀ ਸਰਧਾ ਧਾਰਮਿਕ ਭਾਵਨਾ ਨੂੰ ਠੇਸ ਵੱਡੇ ਪੱਧਰ ਤੇ ਪਹੁੰਚਾ ਰਹੀਆਂ ਹਨ ਜਿਲ੍ਹਾ ਪ੍ਰਸਾਸਨ ਅੰਮ੍ਰਿਸਰ ਮੁੱਖ ਮੰਤਰੀ ਪੰਜਾਬ ਸਾਰੇ ਕੁੰਭ ਕਰਨ ਨੀਦ ਸੁੱਤੇ ਪਏ ਹੋਏ ਹਨ ਅਤੇ ਮੁੱਖ ਦੋਸ਼ੀ ਹਨ ਅੱਗੇ ਉਨਾਂ ਸਰਾਬ ਦੇ ਠੇਕੇ ਤੇ ਪਾਨ ਬੀੜੀਆਂ ਮੀਟ ਮੱਛੀ ਆਡੇ ਦੇ ਸਾਰੇ ਦੁਕਾਨਾਂ ਨੂੰ ਕੋਸਦਿਆਂ ਕਿਹਾ ਕਿ ਇਹ ਸਭ ਦੀਆਂ ਦੁਕਾਨਾਂ ਖੋਲਣ ਵਾਲੇ ਦੁਸਟ ਲੋਕੋ ਸਰਮ ਕਰੋ ਇਸ ਕੰਮ ਦੀ ਜਗਾ ਤੇ ਕੋਈ ਹੋਰ ਕੰਮ ਕਰ ਲਵੋ ! ਅਗੇ ਉਨਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਇਹ ਸਾਰੀਆਂ ਦੁਕਾਨਾਂ ਸੰਗਤਾਂ ਦੇ ਦਰਸ਼ਨ ਕਰਨ ਵਾਲੇ ਰਸਤਿਆਂ ਵਿੱਚੋ ਪੱਕੇ ਤੌਰ ਬੰਦ ਕਰਕੇ ਦੂਰ ਦੁਰਾਡੇ ਵੱਖਰੀ ਮਾਰਕੀਟ ਬਣਾਈ ਜਾਵੇ ! ਇਨ੍ਹਾਂ ਦੁਕਾਨਾਂ ਵਿੱਚ ਹੋਰ ਕਾਰੋਬਾਰ ਕੀਤਾ ਜਾਵੇ ਜੋ ਧਾਰਮਿਕ ਭਾਵਨਾ ਨੂੰ ਸੱਟ ਨਾ ਮਾਰੇ ਤੇ ਚੌਂਕ ਮਹਾ ਸਿੰਘ ਵਿੱਚ ਸੁੰਦਰ ਸੁਨਹਿਰੀ ਗੇਟ ਬਣਾਏ ਜਾਣ ਤੇ ਠੰਡੇ ਜਲ ਦੀਆਂ ਛਬੀਲਾਂ ਲਗਾਈਆਂ ਜਾਣ ਤੇ ਦਰਸ਼ਨ ਕਰਨ ਵਾਲੀਆਂ ਸਾਰੀਆਂ ਸੜਕਾਂ ਟੁੱਟੀਆਂ ਨੂੰ ਵਧੀਆ ਪ੍ਰੀਮਕਸ ਪਾ ਕੇ ਬਣਾਈਆਂ ਜਾਣ ਤੇ ਬਜਾਰਾਂ ਚ ਸਟਰੀਟ ਲਾਈਟਾਂ ਲਗਾਈਆਂ ਜਾਣ ਅੱਗੇ ਉਨਾਂ ਕਿਹਾ ਕਿ ਦਰਸ਼ਨ ਕਰਨ ਵਾਲੀਆਂ ਸੰਗਤਾਂ ਨੂੰ ਨਸੇੜੀ ਤੇ ਮੰਗਣ ਵਾਲੇ ਤੇ ਚੋਰੀਆਂ ਕਰਨ ਵਾਲੇ ਸੰਗਤਾਂ ਨੂੰ ਬਹੁਤ ਹੀ ਤੰਗ ਪ੍ਰੇਸਾਨ ਕਰਦੇ ਹਨ ਉਨ੍ਹਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ! ਅੱਗੇ ਉਨਾਂ ਕਿਹਾ ਕਿ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਸੰਘਰਸ਼ ਪਵਿੱਤਰਤਾ ਬਹਾਲੀ ਲਈ ਕੀਤਾ ਜਾ ਰਿਹਾ ਹੈ ਤੇ ਚੌਂਕ ਮਹਾਂ ਸਿੰਘ ਵਿੱਚ ਸਰਾਬ ਦੇ ਠੇਕਿਆਂ ਦੇ ਸਾਹਮਣੇ ਸਤਿਨਾਮ ਦਾ ਜਾਪ ਕਰਕੇ ਪੱਕਾ ਮੋਰਚਾ ਲੱਗ ਰਿਹਾ ਹੈ ! ਅਤੇ ਆਖਰੀ ਸਵਾਸਾਂ ਤੱਕ ਸੰਘਰਸ਼ ਪਵਿੱਤਰਤਾ ਬਹਾਲੀ ਤੱਕ ਜਾਰੀ ਰਹੇਗਾ ! ਰਣਜੀਤ ਸਿੰਘ ਭੋਮਾ ਪ੍ਰਧਾਨ ਸਮਾਜ ਸੁਧਾਰ ਸੰਸਥਾ ਪੰਜਾਬ ਵੱਲੋਂ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਸਰ ਸਾਹਿਬ ਮੀਟਿੰਗ ਹੋ ਰਹੀ ਹੈ ਸੰਗਤਾਂ ਇਸ ਮੀਟਿੰਗ ਵਿੱਚ ਜਰੂਰ ਪਹੁੰਚਣ ਅਤੇ ਜੋ ਆਉਣ ਵਾਲੇ ਸਮੇਂ ਵਿੱਚ ਜਲਦੀ ਹੀ ਡਿਪਟੀ ਕਮਿਸਨਰ ਅੰਮ੍ਰਿਸਰ ਤੇ ਕੈਬਨਿਟ ਮੰਤਰੀਆਂ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਪਵਿੱਤਰਤਾ ਬਹਾਲੀ ਲਈ ਮੰਗ ਪੱਤਰ ਦਿੱਤੇ ਜਾ ਰਹੇ ਹਨ ! ਮੈਂਬਰ ਬਣਨ ਲਈ ਜਾਂ ਹੋਰ ਕੋਈ ਜਾਣਕਾਰੀ ਲੈਣ ਲਈ ਮੋਬਾਇਲ ਨੰਬਰ 98780=89832 ,ਮੋਬਾਇਲ ਨੰਬਰ 82643 =20308 ਨੰਬਰਾਂ ਤੇ ਸੰਪਰਕ ਕੀਤਾ ਜਾਵੇ !



**ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਵੱਲੋਂ ਅਣਮਿੱਥੇ ਸਮੇਂ ਲਈ ਸੰਘਰਸ਼ ਕਰਨ ਦਾ ਐਲਾਨ ਪਵਿੱਤਰਤਾ ਬਹਾਲੀ ਲਈ ਸੰਗਤਾਂ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ**

ਪਿੰਡ ਮੱਤੇਵਾਲ ਵਿੱਖੇ ਨਸ਼ਿਆਂ ਦੇ ਖਾਤਮੇ ਲਈ

# ਤਲਬੀਰ ਸਿੰਘ ਗਿੱਲ ਪਹੁੰਚੇ, ਕਿਹਾ ਲੋਕ ਸਰਕਾਰ ਦਾ ਸਾਥ ਦੇਣ




**ਚੌਕ ਮਹਿਤਾ, 3 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਆਮ ਆਦਮੀ ਪਾਰਟੀ ਵੱਲੋਂ ਸੂਬੇ ਵਿੱਚ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤੀ ਮਹਿਮ ਤਹਿਤ ਪਿੰਡ ਮੱਤੇਵਾਲ ਵਿਖੇ ਹਲਕਾ ਇੰਚਾਰਜ ਅਤੇ ਨਿਧੜਕ ਆਮ ਆਦਮੀ ਪਾਰਟੀ ਸੀਨੀਅਰ ਲੀਡਰ ਤਲਬੀਰ ਸਿੰਘ ਗਿੱਲ ਪਿੰਡ ਮੱਤੇਵਾਲ ਵਿੱਚ ਪਾਉਚੇ ਉਨ੍ਹਾਂ ਨੇ ਕਿਹਾ ਕਿ ਪਿੰਡਾਂ ਵਿੱਚ ਵੱਡੀ ਪੱਧਰ ਤੇ ਪਿੰਡਾਂ ਦੇ ਲੋਕਾਂ ਨੂੰ ਨਸ਼ੇ ਦੇ ਖਾਤਮੇ ਲਈ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸਾਥ ਦੇਣ ਦੀ ਅਪੀਲ ਕੀਤੀ ਗਈ ਅਤੇ ਲੋਕਾਂ ਨੂੰ ਨਸ਼ਾ ਤਸਕਰਾਂ ਨੂੰ ਫੜਾਉਣ ਅਤੇ ਨਸ਼ਾ ਨਾ ਕਰਨ ਦੀਆਂ ਕਸਮਾਂ ਖਵਾਈਆਂ ਗਈਆਂ ਇਸ ਮੌਕੇ ਪਿੰਡ ਵਾਸੀਆਂ ਨੇ ਤਲਬੀਰ ਗਿੱਲ ਨੂੰ ਵਿਸਵਾਸ ਦਵਾਇਆ ਕਿ ਉਹ ਪਿੰਡਾਂ ਵਿੱਚੋਂ ਨਸ਼ੇ ਖਾਤਮੇ ਲਈ ਸਰਕਾਰ ਦਾ ਹਰ ਪੱਧਰ ਤੇ ਸਾਥ ਦੇਣਗੇ ਅਤੇ ਸਰਕਾਰ ਦਾ ਧੰਨਵਾਦ ਵੀ ਕਰਦੇ ਹਨ ਕਿ ਇਹ ਪਹਿਲੀ ਸਰਕਾਰ ਹੈ ਜੋ ਨਸ਼ਿਆਂ ਵਿਰੁੱਧ ਮੁਹਿੰਮ ਚਲਾ ਕੇ ਨਸ਼ੇ ਦੇ ਖਾਤਮੇ ਲਈ ਲੋਕਾਂ ਨੂੰ ਜਾਗਰਤ ਕਰ ਰਹੀ ਹੈ ਤਾਂ ਜੋ ਆਉਣ ਵਾਲੀ ਪੀੜੀ ਨੂੰ ਆਪਾਂ ਬਚਾ ਸਕੀਏ ਇਸ ਮੌਕੇ ਪਰਮਜੀਤ ਸਿੰਘ ਬਾਠ, ਗੁਰਸੇਵਕ ਸਿੰਘ ਮੈਬਰ, ਗਾਡ ਤਰਸੇਮ ਸਿੰਘ, ਪੀ ਬੀ ਐਸ ਚੌਕ ਮਹਿਤਾ ਦੇ ਮਾਲਕ ਬਲਕਾਰ ਸਿੰਘ ਬਾਠ, ਗੁਰਬੀਰ ਸਿੰਘ ਮੱਲੀ, ਸਰਪੰਚ ਹਰਪਾਲ ਸਿੰਘ, ਸੁਲੱਖਣ ਸਿੰਘ ਬੱਬਰ,ਡਾ, ਬਲਵਿੰਦਰ ਸਿੰਘ, ਹਰਦੇਵ ਸਿੰਘ ਮੈਬਰ, ਬਲਦੇਵ ਸਿੰਘ ਮੈਬਰ, ਜਸਪਾਲ ਸਿੰਘ ਮੈਬਰ,ਫ਼ੁੱਮਣ ਸਿੰਘ ਮੈਬਰ,ਰਾਣਾ ਚੋਧਰੀ ਮੱਤੇਵਾਲ,ਹਰਜੀਤ ਸਿੰਘ ਰਾਣਾ, ਡਾ, ਸੁਖਵਿੰਦਰ ਸਿੰਘ ਰਸਪਾਲ ਸਰਮਾ, ਕੇਵਲ ਸੰਧੂ, ਕੁਲਬੀਰ ਸਿੰਘ,ਡਾ, ਹਰਪ੍ਰੀਤ ਸਿੰਘ, ਬਿਟੂ ਠੇਕੇਦਾਰ, ਜੱਸ ਚੰਨਣਕੇ ਆਦਿ ਆਮ ਆਦਮੀ ਪਾਰਟੀ ਆਗੂ ਹਾਜ਼ਰ ਸਨ।

# ਪੰਜਾਬੀ ਭਾਸ਼ਾ ਦੀ ਸਥਿਤੀ: ਸਮੱਸਿਆਵਾਂ, ਚੁਣੌਤੀਆਂ ਅਤੇ ਰਾਹ



**ਜਿਵੇਂ ਹੀ ਅਸੀਂ** 21ਵੀਂ ਸਦੀ ਵਿੱਚ ਉੱਗਦੇ ਚਾਨਣ ਵਾਂਗੇ ਤਰੱਕੀ ਦੀਆਂ ਰਾਹਾਂ 'ਤੇ ਵਧ ਰਹੇ ਹਾਂ, ਉੱਥੇ ਹੀ ਆਪਣੀ ਮੂਲ ਪਰੰਪਰਾ, ਮਾਂ ਬੋਲੀ ਅਤੇ ਸਾਂਝੀ ਪਹਚਾਣ ਨੂੰ ਭੁੱਲਦੇ ਜਾਂ ਰਹੇ ਹਾਂ। ਪੰਜਾਬੀ, ਜੋ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਪੰਜਾਬ ਦੀ ਰੂਹ ਹੈ, ਅੱਜ ਆਪਣੇ ਹੀ ਘਰ ਵਿੱਚ ਬੇਦਖਲ ਹੋ ਰਹੀ ਹੈ। ਇੱਕ ਅਧਿਆਪਕ ਹੋਣ ਦੇ ਨਾਤੇ ਇਹ ਦਰਦ ਘਣੇਰੀ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਸ ਭਾਸ਼ਾ ਨੇ ਸਾਨੂੰ ਸੋਚਣਾ ਸਿਖਾਇਆ, ਜਿਹੜੀ ਸਾਡੀ ਮਾਂ ਦੀ ਬੋਲੀ ਹੈ, ਅੱਜ ਉਹ ਹੀ ਭਾਸ਼ਾ ਆਖਰੀ ਹੱਥੀਂ ਲੜਾਈ ਲੜ ਰਹੀ ਹੈ।

**ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ:** ਪੰਜਾਬੀ ਭਾਸ਼ਾ ਅੱਜ ਇੱਕ ਦੁਵਿਧਾ ਵਿੱਚ ਖੜੀ ਹੈ। ਇੱਕ ਪਾਸੇ ਅਸੀਂ ਪੰਜਾਬੀ ਨੂੰ ਰਾਸ਼ਟਰੀ ਪੱਧਰ 'ਤੇ ਪਛਾਣ ਦੇਣ ਦੀ ਮੰਗ ਕਰਦੇ ਹਾਂ, ਦੂਜੇ ਪਾਸੇ ਆਪਣੇ ਹੀ ਘਰਾਂ ਵਿੱਚ ਆਪਣੇ ਬੱਚਿਆਂ ਨਾਲ ਅੰਗਰੇਜ਼ੀ ਜਾਂ ਹਿੰਦੀ ਵਿੱਚ ਗੱਲ ਕਰਕੇ ਅਸੀਂ ਉਸਦੇ ਪੰਖ ਕੱਟ ਰਹੇ ਹਾਂ। ਸਕੂਲਾਂ ਵਿੱਚ ਪੰਜਾਬੀ ਕੇਵਲ ਇੱਕ ਵਿਸ਼ਾ ਬਣ ਕੇ ਰਹਿ ਗਈ ਹੈ, ਜਿਸਦਾ ਮਤਲਬ ਵਿਦਿਆਰਥੀਆਂ ਲਈ ਇੱਕ ਲੋੜੀਂਦਾ ਬੋਝ ਹੈ, ਨਾ ਕਿ ਮਨ ਦੀ ਗੱਲ। ਕਈ ਪ੍ਰਾਈਵੇਟ ਸਕੂਲ ਤਾਂ ਪੰਜਾਬੀ ਨੂੰ ਨੀਵੇਂ ਦਰਜੇ 'ਤੇ ਰੱਖਦੇ ਹਨ ਜਾਂ ਕੁਝ ਰੂਪ ਵਿੱਚ ਘੱਟ ਮਹੱਤਵ ਦਿੰਦੇ ਹਨ।

**ਸੰਸਕਾਰਾਂ ਤੋਂ ਵਿਦੇਸ਼ੀਪਣ ਵੱਲ:** ਪਿਛਲੇ ਕੁਝ ਦਹਾਕਿਆਂ ਵਿੱਚ, ਵਿਦੇਸ਼ੀ ਭਾਸ਼ਾਵਾਂ (ਵਿਸ਼ੇਸ਼ ਕਰਕੇ ਅੰਗਰੇਜ਼ੀ) ਦਾ ਆਕਰਸ਼ਣ ਇਤਨਾ ਵਧ ਗਿਆ ਹੈ ਕਿ ਮਾਪੇ ਆਪਣੇ ਬੱਚਿਆਂ ਦੀ ਅੰਗਰੇਜ਼ੀ ਕਮਜ਼ੋਰ ਹੋਣ ਤੋਂ ਡਰਦੇ ਹਨ, ਪਰ ਪੰਜਾਬੀ ਨਾ ਆਉਣ ਦੀ ਕੋਈ ਚਿੰਤਾ ਨਹੀਂ ਕਰਦੇ। ਇਹ ਸਾਂਝੀ ਸੋਚ ਦਰਸਾਉਂਦੀ ਹੈ ਕਿ ਅਸੀਂ ਵਿਕਾਸ ਦੇ ਰਸਤੇ ਵਿੱਚ ਆਪਣੀ ਜੜਾਂ ਨੂੰ ਕਿੰਨਾ ਪਿੱਛੇ ਛੱਡ ਆਏ ਹਾਂ।

**ਸਮਾਜਿਕ ਮੀਡੀਆ ਅਤੇ ਪੱਛਮੀ ਪ੍ਰਭਾਵ:** ਸੋਸ਼ਲ ਮੀਡੀਆ, ਨੈੱਟਫ਼ਲਿਕਸ, ਅੰਗਰੇਜ਼ੀ ਗੀਤ, ਅਤੇ ਪੱਛਮੀ ਫੈਸ਼ਨ ਨੇ ਪੰਜਾਬੀ ਨੌਜਵਾਨਾਂ ਦੀ ਪਸੰਦ ਨੂੰ ਬਦਲ ਦਿੱਤਾ ਹੈ। ਅੱਜ ਇੱਕ ਨੌਜਵਾਨ ਵਾਸਤੇ ਅੰਗਰੇਜ਼ੀ ਵਿੱਚ ਗੱਲ ਕਰਨਾ ਸਿੱਖਿਆ ਜਾਂ ਗਿਆ ਹੈ ਪਰ ਆਪਣੀ ਮਾਂ ਬੋਲੀ ਵਿੱਚ ਪਿਆਰ ਜਤਾਉਣਾ "ਦੇਸੀ" ਅਤੇ ਪਿਛੜਾ ਸਮਝਿਆ ਜਾਂਦਾ ਹੈ।

**ਸਰਕਾਰੀ ਲਾਪਰਵਾਹੀ:** ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦੀਆਂ ਕੋਸ਼ਿਸ਼ਾਂ ਕਈ ਵਾਰ ਹੋਈਆਂ ਹਨ, ਪਰ ਇਹ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਰਹੀ ਹੈ। ਅਜੇ ਵੀ ਸੂਬੇ ਦੀਆਂ ਕਈ ਸਰਕਾਰੀ ਦਫ਼ਤਰਾਂ, ਬੋਰਡਾਂ, ਲੇਖਾਂ ਅਤੇ ਦਸਤਾਵੇਜ਼ਾਂ ਵਿੱਚ ਅੰਗਰੇਜ਼ੀ ਜਾਂ ਹਿੰਦੀ ਹੀ ਵਰਤੀ ਜਾਂਦੀ ਹੈ।

**ਅਧਿਆਪਕ ਦੀ ਭੂਮਿਕਾ:** ਇਸ ਥਾਂ ਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਅਸੀਂ ਸਿਰਫ਼ ਵਿਸ਼ਾ ਪੜ੍ਹਾਉਣ ਵਾਲੇ ਨਹੀਂ, ਸਗੋਂ ਸੰਸਕਾਰਿਕ ਦੂਤ ਹਾਂ। ਜਦ ਤੱਕ ਅਸੀਂ ਕਲਾਸ ਵਿਚ ਪੰਜਾਬੀ ਨੂੰ ਪਿਆਰ ਨਾਲ, ਲਗਨ ਨਾਲ, ਜੀਵਨ ਨਾਲ ਜੋੜ ਕੇ ਨਹੀਂ ਪੜ੍ਹਾਵਾਂਗੇ, ਬੱਚਿਆਂ ਲਈ ਇਹ ਸਿਰਫ਼ ਇੱਕ ਪੇਪਰ ਹੀ ਰਹਿ ਜਾਵੇਗੀ। ਅਸੀਂ ਅਜੇ ਵੀ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ, ਲੋਕ-ਕਲਾਵਾਂ, ਗੀਤਾਂ, ਗੱਲਾਂ ਅਤੇ ਕਹਾਣੀਆਂ ਰਾਹੀਂ ਆਪਣੀ ਭਾਸ਼ਾ ਨਾਲ ਜੋੜ ਸਕਦੇ ਹਾਂ। ਇਹ ਸਿੱਖਿਆ ਇੱਕ ਸਬਕ ਤੋਂ ਵੱਧ, ਇੱਕ ਜ਼ਿੰਮੇਵਾਰੀ ਹੈ।

**ਕੀ ਕਰੀਏ ? ਸੁਝਾਅ ਅਤੇ ਰਾਹ:**

1. ਘਰ ਵਿੱਚ ਪੰਜਾਬੀ ਬੋਲੋ: ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਘਰ ਵਿੱਚ ਪੰਜਾਬੀ ਬੋਲਣ ਦੀ ਸ਼ੁਰੂਆਤ ਕਰਨ। ਇਹੀ ਪਹਿਲਾ ਕਦਮ ਹੈ।
2. ਸਕੂਲਾਂ ਵਿੱਚ ਨਵੀਨਤਾ: ਪੰਜਾਬੀ ਪਾਠਾਂ ਨੂੰ ਨਵੀਨ ਰੂਪ ਵਿੱਚ ਪੇਸ਼ ਕੀਤਾ ਜਾਵੇ, ਨਾਟਕਾਂ, ਕਹਾਣੀ ਕਥਨ, ਲੋਕ ਗੀਤਾਂ ਅਤੇ ਆਧੁਨਿਕ ਮੀਡੀਆ ਰਾਹੀਂ।
3. ਸੋਸ਼ਲ ਮੀਡੀਆ ਤੇ ਮਾਂ ਬੋਲੀ: ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ, ਵੀਡੀਓਜ਼ ਅਤੇ ਕਨਟੈਂਟ ਵਿਚ ਪੰਜਾਬੀ ਨੂੰ ਵਰਤਣ।
4. ਪੰਜਾਬੀ ਦੇ ਨੌਕਰੀ ਸਨਮਾਨ: ਪੰਜਾਬੀ ਭਾਸ਼ਾ ਨਾਲ ਸੰਬੰਧਿਤ ਨੌਕਰੀਆਂ (ਜਿਵੇਂ ਅਨੁਵਾਦ, ਸਿੱਖਿਆ, ਮੀਡੀਆ, ਲੇਖਕਤਾ) ਨੂੰ ਵਧਾਵਾ ਦਿੱਤਾ ਜਾਵੇ।
5. ਸਰਕਾਰੀ ਨੀਤੀਆਂ ਦੀ ਪੁਸ਼ਟੀ: ਰਾਜ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦੇ ਕਾਨੂੰਨੀ ਹੱਕਾਂ ਦੀ ਪੂਰੀ ਤਰ੍ਹਾਂ ਲਾਗੂ ਕਰਨੀ ਚਾਹੀਦੀ ਹੈ।

**ਅੰਤ ਵਿਚ**-ਪੰਜਾਬੀ ਸਿਰਫ਼ ਲਿਪੀ ਜਾਂ ਭਾਸ਼ਾ ਨਹੀਂ, ਸਾਡੀ ਪਹਚਾਣ, ਸਾਡੀ ਮਾਂ, ਸਾਡੀ ਵਿਰਾਸਤ ਹੈ। ਜੇਕਰ ਅਸੀਂ ਹੀ ਆਪਣੀ ਮਾਂ ਬੋਲੀ ਨੂੰ ਨਹੀਂ ਸਾਂਭਾਂਗੇ, ਤਾਂ ਕੌਣ ਸਾਂਭੇਗਾ ? ਅਸੀਂ ਅਧਿਆਪਕਾਂ ਨੂੰ ਇਤਿਹਾਸ ਦੇ ਸਾਹਮਣੇ ਆਪਣੀ ਭੂਮਿਕਾ ਨਿਭਾਉਣੀ ਹੋਵੇਗੀ। ਇਹ ਸਮਾਂ ਹੈ ਪੰਜਾਬੀ ਭਾਸ਼ਾ ਲਈ ਆਖਰੀ ਜੰਗ ਲੜਨ ਦਾ, ਜਿਥੇ ਹਥਿਆਰ ਸਿਰਫ਼ ਕਲਮ, ਜ਼ਬਾਨ ਅਤੇ ਪਿਆਰ ਹੋਣ। ਆਓ ਅਸੀਂ ਆਪਣੀ ਮਾਂ ਬੋਲੀ ਲਈ ਇਕਠੇ ਹੋਈਏ, ਕਲਮ ਦੀ ਤਾਕਤ, ਮਾਂ ਦੇ ਸਨੇਹੇ ਅਤੇ ਵਿਦਿਆਰਥੀਆਂ ਦੀ ਭਵਿੱਖ ਸੁਰੱਖਿਅਤ ਕਰੀਏ।

**-ਲਖਵੀਰ ਸਿੰਘ ਸੇਖੋਂ, ਐੱਸ ਐੱਸ ਮਾਸਟਰ**
**ਸ਼ਹੀਦ ਲਾਸ ਨਾਇਕ ਕੁਲਦੀਪ ਸਿੰਘ ਸਰਕਾਰੀ ਕੰਨਿਆ ਸਕੂਲ, ਕੌਰੇਆਣਾ**
**ਪੇਸ਼ਕਸ਼ : ਗੁਰਜੰਟ ਸਿੰਘ ਨਥੇਹਾ**

# ਐਵਨਲੇ ਯੂਨੀਵਰਸਿਟੀ ਵਲੋਂ ਸ਼ਾਨਦਾਰ ਸਨਮਾਨ ਸਮਾਰੋਹ ਵਿਚ ਦਿੱਲੀ ਦੀਆਂ ਉੱਭਰਦੀਆਂ ਪ੍ਰਤਿਭਾਵਾਂ ਨੂੰ ਦਿੱਤੀ ਅੰਤਰਰਾਸ਼ਟਰੀ ਮਾਨਤਾ - ਪੰਮਾ

**ਨਵੀਂ ਦਿੱਲੀ 3 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਐਵਨਲੇ ਯੂਨੀਵਰਸਿਟੀ ਨੇ ਦਿੱਲੀ ਦੇ ਸ਼ਾਲੀਮਾਰ ਬਾਗ ਵਿੱਚ ਰਾਇਲ ਪੇਪਰ ਵਿਖੇ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ, ਜਿਸਦੀ ਸ਼ੁਰੂਆਤ ਦੀਵੇ ਜਗਾਉਣ ਨਾਲ ਹੋਈ। ਇਸ ਮਾਣਮੱਤੇ ਪ੍ਰੋਗਰਾਮ ਦਾ ਉਦੇਸ਼ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਪ੍ਰਤਿਭਾਸ਼ਾਲੀ ਵਿਅਕਤੀਆਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਮਾਨਤਾ ਦਿਵਾਉਣਾ ਸੀ। ਸਮਾਰੋਹ ਵਿੱਚ, ਉਨ੍ਹਾਂ ਉੱਘੇ ਵਿਅਕਤੀਆਂ ਨੂੰ ਡਾਕਟਰੇਟ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਸਮਾਜ, ਸਿੱਖਿਆ, ਕਲਾ, ਪ੍ਰਬੰਧਨ ਅਤੇ ਹੋਰ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਕੰਮ ਕੀਤਾ ਹੈ। ਸਮਾਰੋਹ ਵਿੱਚ ਨੈਸ਼ਨਲ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਪਰਮਜੀਤ ਸਿੰਘ ਪੰਮਾ, ਇਨਫਲੂਐਂਸ ਆਈਬੀਆਰ ਦੇ ਡਾਇਰੈਕਟਰ, ਯੂਐਸਏ, ਮਯੰਕ ਮਲਹੋਤਰਾ, ਕਾਨੂੰਨੀ ਸਲਾਹਕਾਰ, ਇਨਫਲੂਐਂਸ ਆਈਬੀਆਰ, ਯੂਐਸਏ ਕਪਿਲੇਸ਼ ਚੌਧਰੀ, ਡਿਪਟੀ ਸੈਕਟਰੀ ਅਤੇ ਸਾਬਕਾ ਮੁਖੀ ਸੀਓਈ, ਸੀਬੀਐਸਈ ਦਿੱਲੀ), ਯਸ਼ ਮੱਕੜ ਅਤੇ ਪ੍ਰੋ. ਸੁਭਾਸ਼ ਜੀ. ਚੈਟਰਜੀ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਹਾਜਿਰ ਸਨ ।ਪ੍ਰੋਗਰਾਮ ਵਿੱਚ ਕਲਾ ਅਤੇ ਸੱਭਿਆਚਾਰ ਦੀ ਝਲਕ ਵੀ ਦੇਖਣ ਨੂੰ ਮਿਲੀ, ਜਿੱਥੇ ਕੁਝ ਕਲਾਕਾਰਾਂ ਨੂੰ ਨਾਚ ਅਤੇ ਗਾਇਕੀ ਰਾਹੀਂ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਇਸ ਮੌਕੇ ਫਿਲਮ ਅਦਾਕਾਰਾ ਕੋਮਲ ਸ਼ਰਮਾ ਨੇ ਪ੍ਰੋਗਰਾਮ ਲਈ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਸਮਾਜ ਅਤੇ ਦੇਸ਼ ਦੇ ਭਲੇ ਲਈ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਨਾਲ ਸਮਾਜਿਕ ਕਾਰਜਾਂ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ ਵੱਧ ਜਾਂਦੀ ਹੈ। ਇਹ ਲੋਕ ਜਿਸ ਤਰ੍ਹਾਂ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਹੇ ਹਨ, ਉਹ ਬਹੁਤ ਸ਼ਲਾਘਾਯੋਗ ਹੈ।



ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਕਰਵਾਇਆ ਹਫਤਾਵਾਰੀ ਗੁਰਮਤਿ ਸਮਾਗਮ

# 207 ਪ੍ਰਾਣੀ ਲੱਗੇ ਗੁਰੂ ਦੇ ਲੜ



**ਤਲਵੰਡੀ ਸਾਬੋ, 03 ਅਗਸਤ (ਗੁਰਜੰਟ ਸਿੰਘ ਨਥੇਹਾ)**-ਮਾਲਵਾ ਖਿੱਤੇ ’ਚ ਗੁਰਮਤਿ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਰੰਭੀਆਂ ਗਤੀਵਿਧੀਆਂ ਦੀ ਲੜੀ ਤਹਿਤ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਜਿੱਥੇ ਤਖਤ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਿਰਭੈ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਭਾਈ ਅੰਮ੍ਰਿਤਪਾਲ ਸਿੰਘ ਭੀਖੀ ਪ੍ਰਚਾਰਕ ਨੇ ਕਥਾ ਵੀਚਾਰਾਂ ਰਾਹੀਂ ਜਦੋਂਕਿ ਭਾਈ ਬਲਦੇਵ ਸਿੰਘ ਲੌਂਗੋਵਾਲ ਦੇ ਢਾਡੀ ਜਥੇ ਨੇ ਵੀਰ ਰਸ ਵਾਰਾਂ ਰਾਹੀਂ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ। ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਉਣ ਵਾਲੇ ਕੌਮ ਦੇ ਮਹਾਨ ਯੋਧਿਆਂ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਸਮਾਗਮ ਦੌਰਾਨ ਤਖਤ ਸਾਹਿਬ ਦੇ ਮੈਨੇਜਰ ਭਾਈ ਗੁਰਬਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਉੱਧਰ ਧਰਮ ਪ੍ਰਚਾਰ ਉਪ ਦਫਤਰ ਇੰਚਾਰਜ ਭਾਈ ਭੋਲਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਵਿਖੇ ਕਰਵਾਏ ਅੰਮ੍ਰਿਤ ਸੰਚਾਰ ਮੌਕੇ 207 ਪ੍ਰਾਣੀ ਤਖਤ ਸਾਹਿਬ ਦੇ ਪੰਜ ਪਿਆਰਿਆਂ ਹੱਥੋਂ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਦੇ ਲੜ ਲੱਗੇ। ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਨੂੰ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਸ਼ੁਭਕਾਮਨਾਵਾਂ ਭੇਟ ਕਰਦਿਆਂ ਹੋਰਨਾਂ ਸੰਗਤਾਂ ਨੂੰ ਵੀ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਉਨਾਂ ਨੇ ਇਸ ਮੌਕੇ ਮਾਪਿਆਂ ਨੂੰ ਅਪੀਲ ਕੀਤੀ ਕਿ ਸ਼ਹੀਦੀ ਸ਼ਤਾਬਦੀਆਂ ਨੂੰ ਦੇਖਦਿਆਂ ਆਪਣੇ ਬੱਚਿਆਂ ਨੂੰ ਸਿੱਖ ਸ਼ਹੀਦਾਂ ਦੇ ਇਤਿਹਾਸ ਬਾਰੇ ਜਾਣੂੰ ਕਰਵਾਉਣ।

# ਵਿਕਸਿਤ ਭਾਰਤ ਰੋਜ਼ਗਾਰ ਯੋਜਨਾ ਸਬੰਧੀ ਸੈਮੀਨਰ ਕਰਵਾਇਆ



**ਫ਼ਿਰੋਜ਼ਪੁਰ, 3 ਅਗਸਤ (ਮਨੋਹਰ ਲਾਲ) :—** ਸੇਲ ਲਿਮਿਟਡ ਹਕੂਮਤ ਸਿੰਘ ਵਾਲਾ ਪਲਾਂਟ ਵਿਖੇ ਵਿਕਸਿਤ ਭਾਰਤ ਰੋਜ਼ਗਾਰ ਯੌਜਨਾ ਦੀ ਜਾਣਕਾਰੀ ਦੇਣ ਲਈ ਇਕ ਸੈਮੀਨਰ ਕਰਵਾਇਆ ਗਿਆ, ਜਿਸ ਦਾ ਆਯੋਜਨ ਸ੍ਰੀ ਅਮਿਤ ਖਿੰਦਰੀ (ਐਚ.ਆਰ) ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਾਵੀਡੈਂਟ ਫੰਡ ਦਫਤਰ ਬਠਿੰਡਾ ਤੋਂ ਮੈਡਮ ਸ੍ਰੀਮਤੀ ਕਮਲਜੀਤ ਕੌਰ ਅਤੇ ਅਕਾਊਂਟ ਅਫਸਰ ਸ੍ਰੀ ਹਤੇਸ਼ ਕੁਮਾਰ ਨੇ ਦੱਸਿਆ ਕਿ ਨਿੱਜੀ ਕਰਮਚਾਰੀਆਂ ਦੀ ਭਲਾਈ ਲਈ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਉਦਯੋਗਾਂ ਲਈ 4 ਸਾਲ ਅਤੇ ਹੋਰ ਯੂਕਤਾਵਾਂ ਲਈ 2 ਸਾਲਾਂ ਲਈ ਲਾਗੂ ਰਹੇਗੀ। ਉਨ੍ਹਾਂ ਕਿਹਾ ਕਿ ਈ.ਪੀ.ਐਫ ਤਹਿਤ ਦੇਸ਼ ਭਰ ਚੌਂ 7.83 ਕਰੌੜ ਖਾਤਾਧਾਰਕ ਹਨ ਅਤੇ ਲਗਭਗ 150 ਦਫਤਰ ਕੰਮ ਕਰ ਰਹੇ ਹਨ। ਇਸ ਯੋਜਨਾ ਦੀ ਰਜਿਸਟਰੇਸ਼ਨ ਇਕ ਅਗਸਤ ਤੋਂ ਸ਼ੁਰੂ ਹੋ ਕੇ 31 ਜੁਲਾਈ 2027 ਤੱਕ ਚੱਲੇਗੀ, ਇਹ ਯੋਜਨਾ ਉਨ੍ਹਾਂ ਕਰਮਚਾਰੀਆਂ ਤੇ ਲਾਗੂ ਹੋਵੇਗੀ, ਜਿਨ੍ਹਾਂ ਦੀ ਮਾਸਿਕ ਤਨਖਾਹ ਇਕ ਲੱਖ ਰੁਪਏ ਤੱਕ ਹੈ। ਉਨ੍ਹਾਂ ਦੱਸਿਆ ਕਿ ਲ਼ਾਭਪਾਤਰੀਆਂ ਨੂੰ 15 ਹਜ਼ਾਰ ਰੁਪਏ ਸਲਾਨਾ ਦੋ ਕਿਸ਼ਤਾਂ ਚ ਦਿੱਤੇ ਜਾਣਗੇ। ਗੱਲਬਾਤ ਕਰਦਿਆਂ ਮੈਡਮ ਸ੍ਰੀਮਤਤ ਕਮਲਜੀਤ ਕੌਰ ਨੇ ਕਰਮਚਾਰੀਆਂ ਅਤੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ। ਉਨ੍ਹਾਂ ਇਹ ਵੀ ਦੱਸਿਆ ਕਿ ਕੇਂਦਰ ਸਰਕਾਰ ਨੇ ਇਸ ਯੋਜਨਾਂ ਲਈ ਲਗਭਗ ਇਕ ਲੱਖ ਕਰੌੜ ਰੁਪਏ ਤੱਕ ਦਾ ਬਜਟ ਰੱਖਿਆ ਹੈ, ਜਿਸ ਰਾਹੀਂ ਲਗਭਗ 3.5 ਲੱਖ ਕਰੌੜ ਨੌਕਰੀਆਂ ਦੀ ਉਤਪਤੀ ਹੋਣ ਦੀ ਸੰਭਾਵਨਾ ਹੈ। ਅਖੀਰ ਵਿਚ ਸ੍ਰੀ ਅਮਿਤ ਖ਼ਿੰਦਰੀ ਅਤੇ ਪਲਾਟ ਹੈਂਡ ਸ੍ਰੀ ਅਸ਼ਵਨੀ ਮਹਿਤਾ ਵੱਲੋਂ ਪਹੁੰਚੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਹੋਈ ਹੰਗਾਮੀ ਮੀਟਿੰਗ

ਫ਼ਿਰੋਜ਼ਪੁਰ, 3 ਅਗਸਤ (ਮਨੋਹਰ ਲਾਲ) :— ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਿਲ਼ਾ ਫਿਰੋਜ਼ਪੁਰ ਦੀ ਇਕ ਅਹਿਮ ਮੀਟਿੰਗ ਤੇਜਿੰਦਰ ਸਿੰਘ ਦਿਓਲ ਇੰਚਾਰਜ ਯੂਥ ਵਿੰਗ ਦੇ ਗ੍ਰਹਿ ਵਿਖੇ ਗੁਰਚਰਨ ਸਿੰਘ ਭੁੱਲਰ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੌਰਾਨ ਗੁਰਚਰਨ ਸਿੰਘ ਭੁੱਲਰ ਨੇ ਜਿਲ਼ਾ ਫਿਰੋਜ਼ਪੁਰ ਵਿੱਚ ਹੋਣ ਜਾ ਰਹੇ 14 ਦਸੰਬਰ ਦੇ ਮਾਰਚ ਲਈ ਅਤੇ ਗੁਰੂ ਲਾਧੋ ਰੇ ਮੀਰੀ ਪੀਰੀ ਕਾਨਫਰੰਸ ਬਾਬਾ ਬਕਾਲਾ ਸਾਹਿਬ ਵਿਖੇ 9 ਅਗਸਤ ਲਈ ਸੰਗਤ ਲਿਜਾਣ ਲਈ ਡਿਊਟੀਆਂ ਲਾਈਆਂ ਅਤੇ ਸੰਗਤ ਨੂੰ ਵੱਧ ਤੋਂ ਵੱਧ ਇਨ੍ਹਾਂ ਦੋਨਾਂ ਪ੍ਰੋਗਰਾਮਾਂ ਵਿਚ ਹਾਜ਼ਰੀ ਭਰਨ ਲਈ ਬੇਨਤੀ ਕੀਤੀ। ਇਸ ਮੀਟਿੰਗ ਵਿਚ ਜੋਗਿੰਦਰ ਸਿੰਘ ਮੱਲੇਵਾਲਾ, ਜਗਜੀਤ ਸਿੰਘ ਸ਼ੂਸ਼ਕ, ਦਵਿੰਦਰ ਸਿੰਘ ਚੁਰੀਆਂ, ਬਲਕਾਰ ਸਿੰਘ ਜੋਗੇਵਾਲ, ਸੁਖਮੰਦਰ ਸਿੰਘ, ਹਜ਼ਾਰਾ ਸਿੰਘ, ਇਕਬਾਲ ਸਿੰਘ ਗੁਰੂਹਰਸਹਾਏ, ਬੀਬੀ ਜਸਬੀਰ ਕੌਰ ਜਿਲ਼ਾ ਪ੍ਰਧਾਨ ਇਸਤਰੀ ਵਿੰਗ, ਗੁਰਮੀਤ ਸਿੰਘ ਕੋਹਰ ਸਿੰਘ ਵਾਲਾ, ਬੀਬੀ ਰਾਜ ਕੌਰ ਅਤੇ ਗੁਰਜੀਤ ਕੌਰ ਆਰਿਫ ਕੇ ਹਾਜਰ ਸਨ।



# ਪੱਤਰਕਾਰ ਜਗਦੀਪ ਗਿੱਲ ਦੇ ਮਾਤਾ ਦੇ ਦੇਹਾਂਤ ’ਤੇ ਦੁੱਖ ਪ੍ਰਗਟ ਕਰਨ ਪੁੱਜੇ ਗੁਰਬਾਜ਼ ਸਿੰਘ ਸਿੱਧੂ



**ਤਲਵੰਡੀ ਸਾਬੋ, 03 ਅਗਸਤ (ਗੁਰਜੰਟ ਸਿੰਘ ਨਥੇਹਾ)**- ਇਲਾਕੇ ਦੇ ਨਾਮੀ ਪੱਤਰਕਾਰ ਜਗਦੀਪ ਗਿੱਲ ਦੇ ਮਾਤਾ ਜੀ ਬੀਬੀ ਗੁਰਮੇਲ ਕੌਰ ਦੇ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਜਾਣ ’ਤੇ ਦੁੱਖ ਪ੍ਰਗਟਾਉਣ ਲਈ ਅੱਜ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਅਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਉਨਾਂ ਦੇ ਘਰ ਪੁੱਜੇ। ਪਰਿਵਾਰ ਨਾਲ ਦੁੱਖ ਵੰਡਾਉਣ ਮਗਰੋਂ ਗੱਲਬਾਤ ਕਰਦਿਆਂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਮਾਂ ਦਾ ਦੁਨੀਆਂ ਤੋਂ ਚਲੇ ਜਾਣਾ ਇੱਕ ਵਿਅਕਤੀ ਲਈ ਸਭ ਤੋਂ ਵੱਡਾ ਘਾਟਾ ਹੁੰਦਾ ਹੈ ਕਿਉਂਕਿ ਮਾਂ ਹੀ ਬੱਚੇ ਦੇ ਕਿਰਦਾਰ ਨੂੰ ਬਣਾਉਣ ਚ ਸਭ ਤੋਂ ਅਹਿਮ ਰੋਲ ਅਦਾ ਕਰਦੀ ਹੈ ਉਨਾਂ ਕਿਹਾ ਕਿ ਮਾਤਾ ਗੁਰਮੇਲ ਕੌਰ ਵੱਲੋਂ ਜਗਦੀਪ ਗਿੱਲ ਨੂੰ ਦਿੱਤੇ ਸੰਸਕਾਰਾਂ ਦੇ ਸਦਕਾ ਹੀ ਜਗਦੀਪ ਗਿੱਲ ਨੇ ਸਮਾਜ ਵਿੱਚ ਚੇਤੰਨਤਾ ਪੈਦਾ ਕਰਨ ਲਈ ਜਿੱਥੇ ਆਪਣੀ ਕਲਮ ਰਾਹੀਂ ਯੋਗਦਾਨ ਪਾਇਆ ਉੱਥੇ ਉਨਾਂ ਨੇ ਸਮਾਜ ਨੂੰ ਜਾਗਰੂਕ ਕਰਨ ਵਾਲੀਆਂ ਕਈ ਸੰਸਥਾਵਾਂ ਨਾਲ ਵੀ ਕੰਮ ਕਰਦਿਆਂ ਲੋਕਾਂ ਚ ਉਸਾਰੂ ਰੁਚੀਆਂ ਪੈਦਾ ਕੀਤੀਆਂ। ਗੁਰਬਾਜ਼ ਸਿੰਘ ਸਿੱਧੂ ਨੇ ਮਾਤਾ ਗੁਰਮੇਲ ਕੌਰ ਦੇ ਅਕਾਲ ਚਲਾਣੇ ਨੂੰ ਗਿੱਲ ਪਰਿਵਾਰ ਲਈ ਵੱਡਾ ਘਾਟਾ ਦੱਸਦਿਆਂ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਵਾਹਿਗੁਰੂ ਮਾਤਾ ਦੀ ਮ੍ਰਿਤਕ ਦੇਹ ਨੂੰ ਆਪਣੇ ਚਰਨਾਂ ’ਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਸੀ. ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਤੇਜ ਰਾਮ ਸ਼ਰਮਾ, ਚਰਨਜੀਤ ਸਿੰਘ ਕੋਟਬਖਤੂ, ਮੇਜਰ ਸਿੰਘ ਸਕੱਤਰ ਇੰਟਕ, ਦਰਸ਼ਨ ਗਿੱਲ, ਕ੍ਰਿਸ਼ਨ ਯਾਦਵ ਆਦਿ ਵੀ ਮੌਜੂਦ ਸਨ।

# ਆਪ ਸੁਧਰੋ, ਸਮਾਜ, ਦੇਸ਼ ਦੁਨਿਆ ਖੁਦ ਸੁਧਰ ਜਾਵੇਗੀ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 3 ਅਗਸਤ (ਮਨੋਹਰ ਲਾਲ) :— ਅੱਜ ਸਵੇਰ ਦੀ ਪ੍ਰਾਰਥਣਾ ਸਭਾ ਜ਼ੋ ਰੋਜਾਨਾ ਪਿਛਲੇ ਪੰਜਾਹ ਸਾਲਾਂ ਨੌਕਰੀ ਤੇ ਨੌਕਰੀ ਤੋਂ ਫਾਰਗ ਹੋਣ ਮਗਰੋ ਚਲਾਈ ਜਾ ਰਹੀ ਮੁਹਿੰਮ ਜਿਸ ਵਿਚ ਇਕੋ ਦਿਨ ਉਪਾਅ ਖੁਦ ਸੁਧਰੋ, ਘਰ, ਪਰਿਵਾਰ ਤੇ ਸਮਾਜ ਦੇਸ਼ ਦੁਨਿਆ ਖੁਦ ਬ ਖੁਦ ਸੁਧਰ ਜਾਵੇਗਾ। ਗੱਲਬਾਤ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਪਰਿਵਾਰ, ਸਕੂਲ, ਸਮਾਜ, ਦੇਸ਼ ਦੁਨਿਆ ਵਿਚ ਇਹ ਜ਼ੋ ਸਰੀਰਕ, ਮਾਨਸਿਕ ਕੁਰੀਤੀਆਂ ਬਿਮਾਰੀਆਂ ਜਿਸ ਨਾਲ ਅੱਜ ਹਰ ਦਾਇਰਾ ਚਾਹੇ ਉਹ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਆਦਿ ਹੈ ਅੱਜ ਹਰ ਤਰ੍ਹਾਂ ਦੀ ਬੁਰਾਈ ਦਾ ਅੱਡਾ ਗੜ ਬਨ ਹਰ ਖੇਤਰ ਵਿਚ ਝਗੜੇ, ਅਰਾਜਕਤਾ, ਨਸ਼ਿਆਂ ਦਾ ਵਿਉਪਾਰ ਗੜਬੜ ਇਕ ਮੁਸੀਬਤਾ ਦਾ ਜਨਮ ਦਾਤਾ ਜਿਸ ਦਾ ਕਿਸੇ ਪਾਰਟੀ, ਸਰਕਾਰ ਕੋਲ ਹੱਲ ਨਹੀਂ, ਇਕੋ ਇਕ ਹੱਲ ਔਰੋ ਕੋ ਨਸੀਅਤ ਆਪ ਮੀਆ ਫਲੀਅਤ ਨੂੰ ਛੱਡ ਖੁਦ ਬਚੋ, ਖੁਦ ਸੁਧਰੋ, ਖੁਦ ਇਕ ਚੰਗੇ ਇਨਸਾਨ ਬਣੋ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਦੀ ਮੀਟਿੰਗ 'ਚ

# ਨਵੇਂ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆ ਗਈਆਂ : ਭਾਈ ਸਾਹਿਬ ਸਿੰਘ ਸੰਧੂ



**ਜੰਡਿਆਲਾ ਗੁਰੂ, 3 ਅਗਸਤ ( ਕੁਲਵੰਤ ਸਿੰਘ ਵਿਰਦੀ)**-ਅੱਜ ਸਾਹਿਬ ਸਿੰਘ ਸੰਧੂ ਪ੍ਰਧਾਨ ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੋਸਾਇਟੀ ਰਜਿ ਵਡਾਲੀ ਡੋਗਰਾਂ ਨੇ ਜਾਣਕਾਰੀ ਸਾਂਝੀ ਕਰਦਿਆ ਹੋਇਆ ਕਿਹਾ ਕਿ ਨਿਰੋਲ ਧਾਰਮਿਕ ਸਿੱਖ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ (ਰਜਿ.) ਪਿੰਡ ਵਡਾਲੀ ਡੋਗਰਾਂ ਦੇ ਵਿਸਥਾਰ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਹਿੱਤ ਸੋਸਾਇਟੀ ਵਿੱਚ ਇੱਕ ਮਤਾ ਪਾਸ ਕਰ ਅੱਜ ਨਵੀਂਨ ਨਿਯੁਕਤੀਆਂ ਕੀਤੀਆਂ ਗਈਆਂ।ਜਿਸ ਵਿੱਚ ਅੱਜ ਸੋਸਾਇਟੀ ਦੇ ਸੁਨਹਿਰੀ ਇਤਿਹਾਸ ਵਿੱਚ ਇੱਕ ਨਵਾਂ ਪੰਨਾ ਲਿਖਦਿਆਂ ਸੋਸਾਇਟੀ ਦੇ ਅੰਤਰਗਤ ਪਹਿਲੀ ਵਾਰ ਸਰਪ੍ਰਸਤ ਦੀ ਨਿਯੁਕਤੀ ਕੀਤੀ ਗਈ।ਅਤੇ ਇਸ ਆਹੁਦੇ ਦਾ ਕਾਰਜਭਾਰ ਸੋਸਾਇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਡਾ. ਪਰਮਜੀਤ ਸਿੰਘ ਪੰਨੂ ਨੂੰ ਸੌਂਪਿਆ ਗਿਆ।ਇਸ ਤੋਂ ਇਲਾਵਾ ਸੋਸਾਇਟੀ ਵਿੱਚ ਸੈਕਟਰੀ ਦੇ ਆਹੁਦੇ ਨੂੰ ਸਥਾਪਿਤ ਕੀਤਾ ਗਿਆ ਅਤੇ ਇਸ ਦੀ ਜ਼ਿੰਮੇਵਾਰੀ ਡਾ. ਬਲਬੀਰ ਸਿੰਘ ਜੰਡ ਨੂੰ ਦਿੱਤੀ ਗਈ। ਹਰਭਜਨ ਸਿੰਘ ਮੌਜੀ ਨੂੰ ਸਲਾਹਕਾਰ ਦੇ ਆਹੁਦੇ ਦੇ ਨਿਯੁਕਤ ਕੀਤਾ ਗਿਆ।ਅੱਜ ਸੋਸਾਇਟੀ ਦੀ ਇਕੱਤਰਤਾ ਵਿੱਚ ਉਪਰੋਕਤ ਨਿਯੁਕਤੀਆਂ 'ਤੇ ਨਿਯੁਕਤ ਹੋਏ ਅਹੁਦੇਦਾਰਾਂ ਨੂੰ ਸੋਸਾਇਟੀ ਨੇ ਪ੍ਰਮਾਣ ਪੱਤਰ ਦੇ ਕੇ ਨਿਵਾਜ਼ਿਆ। ਇਸ ਮੌਕੇ 'ਤੇ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ (ਰਜਿ.) ਪਿੰਡ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ , ਮੀਤ ਪ੍ਰਧਾਨ ਸੰਦੀਪ ਸਿੰਘ ਮੌਜੀ, ਖ਼ਜ਼ਾਨਚੀ ਦਵਿੰਦਰਪਾਲ ਸਿੰਘ ਗੋਰਾ, ਸਲਾਹਕਾਰ ਹੀਰਾ ਸਿੰਘ, ਗ੍ਰੰਥੀ ਭੁਪਿੰਦਰ ਸਿੰਘ, ਸੁਰਜੀਤ ਸਿੰਘ, ਸੁਖਬੀਰ ਸਿੰਘ, ਦਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਦਰਸ਼ਨ ਸਿੰਘ ਫ਼ੌਜੀ, ਜਸ਼ਨਪ੍ਰੀਤ ਸਿੰਘ ਵਡਾਲੀ, ਕਰਨਬੀਰ ਸਿੰਘ, ਸਾਹਿਬ ਸਿੰਘ ਮੌਜੀ, ਆਦਿ ਹਾਜ਼ਰ ਸਨ।

# ਐਡਵੋਕੇਟ ਲਖਵਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਅਵਤਾਰ ਸਿੰਘ ਟੱਕਰ ਵੱਲੋਂ ਪ੍ਰੀਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ

**ਜੰਡਿਆਲਾ ਗੁਰੂ, 3 ਅਗਸਤ ( ਕੁਲਵੰਤ ਸਿੰਘ ਵਿਰਦੀ )**-ਕਾਂਗਰਸ ਪਾਰਟੀ ਦੇ ਦਿਹਾਤੀ ਵਾਇਸ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆ ਨੇ ਸਾਬਕਾ ਕੋਂਸਲਰ ਅਵਤਾਰ ਸਿੰਘ ਕਾਲਾ ਦੇ ਭਰਾ ਐਡਵੋਕੇਟ ਲਖਵਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਪ੍ਰੀਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਬੀਤੇ ਦਿਨ ਐਡਵੋਕੇਟ ਲਖਵਿੰਦਰ ਸਿੰਘ ਆਪਣੀ ਗੱਡੀ ਤੇ ਜਾ ਰਹੇ ਨੂੰ ਘੇਰ ਕਿ ਉਨਾਂ ਉਪਰ ਗੋਲੀਆਂ ਚਲਾ ਕਿ ਗੰਭੀਰ ਰੂਪ ਵਿੱਚ ਜਖ਼ਮੀ ਕਰ ਦਿਤਾ ਗਿਆ ਸੀ ਜੋ ਹਸਪਤਾਲ ਦਾਖਲ ਸਨ ! ਬੀਤੇ ਦਿਨ ਸਵੇਰੇ ਤੜਕਸਾਰ ਲਖਵਿੰਦਰ ਸਿੰਘ ਐਡਵੋਕੇਟ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਕਿ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ ਤਿੰਨਾ ਦੇ ਅਕਾਲ ਚਲਾਣਾ ਕਰ ਜਾਣ ਤੇ ਪ੍ਰੀਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਇਸ ਦੁਖਦਾਈ ਖਬਰ ਨਾਲ ਸਹਿਰ ਵਿੱਚ ਸੋਕ ਦਾ ਮਾਹੌਲ ਪੈਦਾ ਹੋ ਗਿਆ !ਮੈਂ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਐਡਵੋਕੇਟ ਲਖਵਿੰਦਰ ਸਿੰਘ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸਣ ਪਿੱਛੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ !



### ਸੰਘਰਸ਼ਾਂ ਦੀ ਲਾਮਬੰਦੀ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਕੀਤੀ ਮੀਟਿੰਗ

# 11 , 12 ਅਤੇ 13 ਅਗਸਤ ਨੂੰ ਬਿਜਲੀ ਮੁਲਾਜ਼ਮ ਲੈਣਗੇ ਸਮੂਹਿਕ ਛੁੱਟੀ

**ਤਰਨ ਤਾਰਨ, 3 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਰਵੱਈਏ ਖਿਲਾਫ਼ ਲੜੇ ਜਾ ਰਹੇ ਸਾਂਝੇ ਸੰਘਰਸ਼ਾਂ ਦੀ ਲਾਮਬੰਦੀ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਏਟਕ ਨਾਲ ਸਬੰਧਤ ਜਥੇਬੰਦੀਆਂ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ ਐਂਡ ਟ੍ਰਾਂਸ਼ਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਸਬ ਡਵੀਜ਼ਨ ਖਡੂਰ ਸਾਹਿਬ ਦੀ ਸਾਂਝੀ ਮੀਟਿੰਗ ਪਾਵਰਕਾਮ ਦਫਤਰ ਵਿਖੇ ਤਰਜੀਤ ਸਿੰਘ ਨਾਗੋਕੇ ਅਤੇ ਤਰਸੇਮ ਸਿੰਘ ਖਡੂਰ ਸਾਹਿਬ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਅਤੇ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ , ਜੋਨ ਆਗੂ ਇੰਜੀ : ਕੁਲਵਿੰਦਰ ਸਿੰਘ ਬਾਗੜੀਆਂ , ਦਿਹਾਤੀ ਡਵੀਜ਼ਨ ਤਰਨ ਤਾਰਨ ਦੇ ਪ੍ਰਧਾਨ ਮੇਜਰ ਸਿੰਘ ਨਾਗੋਕੇ, ਸਕੱਤਰ ਲਖਵਿੰਦਰ ਸਿੰਘ ਬਹਿਲਾ , ਪਾਵਰਕਾਮ ਐਂਡ ਟ੍ਰਾਂਸ਼ਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਦੇ ਸਰਕਲ ਵਰਕਿੰਗ ਸਕੱਤਰ ਸਾਥੀ ਰਾਕੇਸ਼ ਕੁਮਾਰ ਮਲਹੋਤਰਾ , ਡਵੀਜ਼ਨ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਰਕਲ ਆਗੂ ਅਵਤਾਰ ਕ੍ਰਿਸ਼ਨ , ਸੰਗਾਰਾ ਸਿੰਘ ਰਾਮਪੁਰੀਆ, ਮਨਜੀਤ ਸਿੰਘ ਖੇਲਾ , ਬਾਵਾ ਸਿੰਘ , ਇੰਜੀ : ਬਲਦੇਵ ਸਿੰਘ ਜੇ ਈ ਆਦਿ ਆਗੂਆਂ ਅਤੇ ਵੱਡੀ ਗਿਣਤੀ ਮੈਂਬਰਾਂਨ ਨੇ ਭਰਵੀਂ ਸ਼ਮੂਲੀਅਤ ਕੀਤੀ । ਇਸ ਮੀਟਿੰਗ ਵਿੱਚ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਵਾਜਿਬ ਮਸਲਿਆਂ ਨੂੰ ਵੱਟੇ ਖਾਤੇ ਪਾ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜ਼ਬੂਰ ਕਰ ਰਹੀਆ ਹਨ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਲਿਖਤੀ ਮੀਟਿੰਗਾਂ ਤਹਿ ਕਰਕੇ ਮੁੜ - ਮੁੜ ਮੁਲਤਵੀ ਕਰਕੇ ਟਕਰਾਅ ਵਾਲਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ।ਜਿਸ ਕਰਕੇ ਸਰਕਾਰ ਦੇ ਮਾੜੇ ਵਤੀਰੇ ਖਿਲਾਫ਼ ਸਾਂਝਾ ਫਰੰਟ ਨੇ 5 ਅਗਸਤ ਤੋਂ 12 ਅਗਸਤ ਤੱਕ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੀਆਂ ਅਰਥੀਆਂ ਫੂਕਣ ਦਾ ਸੱਦਾ ਦਿੱਤਾ ਹੈ। ਜਿਸ ਦੀ ਕੜੀ ਵਜੋਂ ਅੱਜ ਦੀ ਮੀਟਿੰਗ ਵਿੱਚ 5 ਅਗਸਤ ਨੂੰ ਬੱਸ ਅੱਡਾ ਤਰਨ ਤਾਰਨ ਅਤੇ 8 ਅਗਸਤ ਨੂੰ ਖਡੂਰ ਸਾਹਿਬ ਵਿਖੇ ਅਰਥੀਆਂ ਫੂਕ ਕੇ ਸਰਕਾਰ ਖਿਲਾਫ਼ ਜੋਰਦਾਰ ਰੋਸ ਪ੍ਰਦਰਸ਼ਨ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ । ਗੰਡੀਵਿੰਡ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਜ ਤੇ ਪਾਵਰ ਮੈਨੇਜਮੈਂਟ ਵੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ 2 ਜੂਨ ਦੀ ਮੀਟਿੰਗ ਵਿੱਚ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲ ਮਟੋਲ ਕਰ ਰਹੀ ਹੈ। ਜਿਸ ਦੇ ਖਿਲਾਫ਼ ਬਿਜਲੀ ਮੁਲਾਜ਼ਮਾਂ ਵੱਲੋਂ 11 , 12 ਅਤੇ 13 ਅਗਸਤ ਨੂੰ ਸਾਂਝੇ ਥੜੇ ਦੇ ਸੂਬਾ ਪੱਧਰੀ ਸੱਦੇ ਤੇ ਸਮੂਹਿਕ ਛੁੱਟੀ ਲੈ ਕੇ ਲਗਾਤਾਰ ਤਿੰਨ ਦਿਨ ਕੀਤੇ ਜਾਣ ਵਾਲੇ ਸੰਘਰਸ਼ ਦੀ ਜੋਰਦਾਰ ਲਾਮਬੰਦੀ ਕੀਤੀ ਗਈ।



# ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵਲੋਂ ਪਰਮਿੰਦਰ ਸਿੰਘ ਪਿੰਕੀ ਸਨਮਾਨਿਤ





**ਫ਼ਿਰੋਜ਼ਪੁਰ, 3 ਅਗਸਤ (ਮਨੋਹਰ ਲਾਲ) :—** ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਵਲੋਂ ਪਰਮਿੰਦਰ ਸਿੰਘ ਪਿੰਕੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੋਸਾਟਿਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਅੱਜ ਭਾਈ ਮਰਦਾਨਾ ਜੀ ਯਾਦਗਾਰੀ ਹਾਲ ਵਿਖੇ ਡਾ: ਦਿਦਾਰ ਸਿੰਘ ਵੱਲੋਂ ਹੋਮਿਉਪੈਥਿਕ ਕੈਂਪ ਲਗਾਇਆ ਗਿਆ, ਜੋ ਕਿ ਖਾਸਕਰ ਵਿਕਲਾਂਗ ਅਤੇ ਮੰਦਬੁਧੀ ਬੱਚਿਆ ਲਈ ਸੀ ਜਿਸ ਵਿਚ 100 ਤੋਂ ਵੱਧ ਡਾਕਟਰ ਅਤੇ ਪੂਰੇ ਭਾਰਤ ਤੋਂ ਮਰੀਜ ਆਏ ਹੋਏ ਸਨ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿਚ ਆਏ ਸਾਬਕਾ ਐਮ.ਐਲ.ਏ ਪਰਮਿੰਦਰ ਸਿੰਘ ਪਿੰਕੀ ਨੇ ਸਾਰੇ ਕੈਂਪ ਦਾ ਦੋਰਾ ਕੀਤਾ ਅਤੇ ਬੱਚਿਆਂ ਨਾਲ ਗੱਲਾਂ ਕੀਤੀਆ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਸਿਰੋਪਾਉ ਦਿੱਤਾ ਉਨ੍ਹਾਂ ਦਾ ਹੋਸਲਾਂ ਵਧਾਇਆ। ਉਪਰੰਤ ਸੋਸਾਇਟੀ ਵੱਲੋ ਪਿੰਕੀ ਜੀ ਨੂੰ ਵਿਸੇਸ਼ ਸਨਮਾਨ ਕੀਤਾ ਗਿਆ। ਨਾਲ ਹੀ ਸ਼ੋਸਾਇਟੀ ਵੱਲੋ ਡਾ: ਦਿਦਾਰ ਸਿੰਘ, ਰੋਹਿਤ ਗਰੋਵਰ ਪ੍ਰਧਾਨ ਨਗਰ ਪਾਲਿਕਾ, ਸੁਖਵਿੰਦਰ ਸਿੰਘ ਅਟਾਰੀ, ਅਮਰਜੀਤ ਨਰੰਗ ਐਮ.ਸੀ, ਮਰਕਸ ਐਮ.ਸੀ, ਬਲਵੀਰ ਬਾਠ ਨੂੰ ਸਨਮਾਨਿਤ ਕੀਤਾ ਗਿਆ। ਇਸ ਮੋਕੇ ਪਰਮਿੰਦਰ ਸਿੰਘ ਪਿੰਕੀ ਨੇ ਭਾਈ ਮਰਦਾਨਾ ਜੀ ਹਾਲ ਦੀ ਪ੍ਰੰਸਸ਼ਾਂ ਕੀਤੀ ਅਤੇ ਹਰ ਸੰਭਵ ਸਹਿਯੋਗ ਦੇਣ ਲਈ ਕਿਹਾ। ਉਨ੍ਹਾਂ ਡਾ: ਦਿਦਾਰ ਸਿੰਘ ਦੇ ਇਸ ਕੈਂਪ ਦੀ ਤਾਰੀਫ ਕੀਤੀ ਅਤੇ ਸਹਿਯੋਗ ਦੇਣ ਦੀ ਵੀ ਗੱਲ ਕਹੀ। ਸੋਸਾਇਟੀ ਦੇ ਹਰਜੀਤ ਸਿੰਘ ਧਾਲੀਵਾਲ ਨੇ ਸਾਰਿਆ ਨੂੰ ਜੀ ਆਇਆ ਆਖਿਆ। ਇਸ ਮੋਕੇ ਕੈਂਪ ਵਿਚ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ, ਉਪਰੰਤ ਗੁਰੂ ਕਾ ਲੰਗਰ ਅਟੁਟ ਵਰਤਦਾ ਰਿਹਾ। ਇਸ ਮੋਕੇ ਬਬਲਦੀਪ ਸਿੰਘ, ਇੰਦਰਪਾਲ ਸਿੰਘ ਪ੍ਰਿੰਸ, ਮਨੋਹਰ ਲਾਲ, ਦਰਸ਼ਨ ਲਾਲ ਹੀਰਾ, ਰਾਜੇਸ਼ ਕੁਮਾਰ ਹਾਜਿਰ ਸਨ।

# ਗੁਰਦੁਆਰਾ ਜਾਮਨੀ ਸਾਹਿਬ ਬਾਜ਼ੀਦਪੁਰ ਵਿੱਚ ਲਗਾਇਆ ਡੈਂਟਲ ਚੈਕਅਪ ਕੈਂਪ—100 ਤੋਂ ਵੱਧ ਸੰਗਤ ਨੇ ਦੰਦਾਂ ਦੀ ਕਰਵਾਈ ਜਾਂਚ



**ਫ਼ਿਰੋਜ਼ਪੁਰ, 3 ਅਗਸਤ (ਮਨੋਹਰ ਲਾਲ) :—**ਐਤਵਾਰ ਦੇ ਪਵਿੱਤਰ ਦਿਨ ਸ਼੍ਰੀ ਗੁਰਦੁਆਰਾ ਜਾਮਨੀ ਸਾਹਿਬ ਬਾਜ਼ਿਦਪੁਰ ਵਿਖੇ ਜੈਨੇਸਿਸ ਡੈਂਟਲ ਕਾਲਜ ਵੱਲੋਂ ਖ਼ਾਸ ਡੈਂਟਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੁਫ਼ਤ ਕੈਂਪ ਵਿੱਚ 100 ਤੋਂ ਵੱਧ ਸੰਗਤ ਨੇ ਹਿੱਸਾ ਲੈ ਕੇ ਆਪਣੇ ਦੰਦਾਂ ਦੀ ਜਾਂਚ ਕਰਵਾਈ। ਡਾ: ਸੁਕਿਰਤ ਕੌਰ ਅਤੇ ਡਾ: ਰਾਹੁਲ ਯਾਦਵ ਨੇ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਦੰਦਾਂ ਨਾਲ ਸੰਬੰਧਤ ਆਮ ਸਮੱਸਿਆਵਾਂ, ਉਨ੍ਹਾਂ ਦੇ ਕਾਰਨ ਅਤੇ ਬਚਾਅ ਦੇ ਉਪਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਸੰਗਤ ਨੂੰ ਦੰਦਾਂ ਦੀ ਸਫਾਈ, ਨਿਯਮਤ ਬਰਸ਼ ਕਰਨਾ ਤੇ ਔਰਲ ਹਾਈਜੀਨ ਬਾਰੇ ਵੀ ਜਾਗਰੂਕ ਕੀਤਾ। ਕੈਂਪ ਦੌਰਾਨ ਕਾਲਜ ਦੇ ਪੀ.ਆਰ.ਓ. ਰਣਜੀਤ ਸਿੰਘ, ਅਜੈ ਕੁਮਾਰ ਅਤੇ ਜੱਜ ਸਿੰਘ ਵਲੋਂ ਮੌਜੂਦ ਸੰਗਤ ਨੂੰ ਟੂਥਬਰਸ਼ ਤੇ ਪੇਸਟ ਵੰਡੇ ਗਏ। ਸੇਵਾ ਭਾਵ ਨਾਲ ਕਰਵਾਏ ਇਸ ਆਯੋਜਨ ਦੀ ਸੰਗਤ ਵਲੋਂ ਖ਼ੂਬ ਪ੍ਰਸ਼ੰਸਾ ਕੀਤੀ ਗਈ ਅਤੇ ਇਸ ਨੂੰ ਲੋਕ ਭਲਾਈ ਵੱਲ ਇਕ ਸਲਾਹਯੋਗ ਕਦਮ ਦੱਸਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਬ ਇੰਸਪੈਕਟਰ ਸ੍ਰ ਨਿਰਮਲ ਸਿੰਘ ਜੀ ਸਮਰਾਉ ਦੀ ਪਿਛਲੇ ਦਿਨ ਹੀ ਪੰਜਾਬ ਪੁਲਿਸ ਤੋਂ ਰਿਟਾਇਰਮੈਂਟ ਵਿੱਚ

# ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਹਾਜਰੀ ਭਰੀ

## ਪਰਿਵਾਰ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਰਿਟਾਇਰਮੈਂਟ ਦੀ ਵਧਾਈ ਦਿੱਤੀ















ਸ੍ਰ ਨਿਰਮਲ ਸਿੰਘ ਦੀ ਪਿਛਲੇ ਦਿਨ ਹੀ ਪੰਜਾਬ ਪੁਲਿਸ ਤੋਂ ਸਬ ਇੰਸਪੈਕਟਰ ਦੇ ਅਹੁਦੇ ਤੋਂ ਰਿਟਾਇਰਮੈਂਟ ਹੋਈ ਹੈ ਉਹਨਾਂ ਦੇ ਸਪੁੱਤਰ ਸਰਦਾਰ ਗੁਰਪ੍ਰੀਤ ਸਿੰਘ ਜੀ ਸਮਰਾਓ SHO ਨਾਭਾ ਵੱਲੋਂ ਰਿਟਾਇਰਮੈਂਟ ਪਾਰਟੀ ਦਿੱਤੀ ਗਈ ਜਿਸ ਵਿੱਚ ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜਰ ਪੰਜਾਬ IPD ਪਰਿਵਾਰ ਸਮੇਤ ਵਿਸ਼ੇਸ਼ ਤੌਰ ਤੇ ਪਹੁੰਚ ਕੇ ਪਰਿਵਾਰ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਰਿਟਾਇਰਮੈਂਟ ਦੀ ਵਧਾਈ ਦਿੱਤੀ। ਨਾਲ ਹੀ ਵਿਸ਼ੇਸ਼ ਤੌਰ ਤੇ ਸ੍ਰ ਸੁਰਜੀਤ ਸਿੰਘ ਜੀ ਰੱਖੜਾ ਸਾਬਕਾ ਮੰਤਰੀ , ਸ੍ਰ ਪਰਮਰਾਜ ਸਿੰਘ ਉਮਰਾ ਨੰਗਲ ਆਈ ਜੀ ਪੰਜਾਬ ਪੁਲਿਸ , ਸ੍ਰ ਸਤਵਿੰਦਰ ਸਿੰਘ ਟੌਹੜਾ ਮੈਂਬਰ SGPC, ਸ੍ਰ ਜਸਪਾਲ ਸਿੰਘ ਚੱਠਾ ਹਲਕਾ ਇੰਚਾਰਜ ਦਿਹਾਤੀ, ਸ੍ਰ ਹਰਮੀਤ ਸਿੰਘ ਪਠਾਣ ਮਾਜਰਾ ਐਮਐਲਏ, ਸ੍ਰ ਸਤਬੀਰ ਸਿੰਘ ਖਟੜਾ , ਸ੍ਰ ਜਗਰੂਪ ਸਿੰਘ ਜੀ ਸ਼ਹਿਰੀ ਪ੍ਰਧਾਨ IPD , ਸ੍ਰ ਬਚਿੱਤਰ ਸਿੰਘ ਜੇਲ ਵਿਭਾਗ , ਸ੍ਰ ਹਰਵਿੰਦਰ ਸਿੰਘ ਹੈਰੀਮਾਨ ਇਸ ਤੋਂ ਇਲਾਵਾ ਰਜਿੰਦਰ ਸਿੰਘ ਜੇਈ, ਪਰਮਜੀਤ ਸਿੰਘ, ਗੁਰਮੁਖ ਸਿੰਘ ਫੌਜੀ ,ਹਰਪਾਲ ਸਿੰਘ ਸਰਪੰਚ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ, ਗੋਲਡੀ ਥਿੰਦ, ਗੁਰਜਿੰਦਰ ਸਿੰਘ ਥਿੰਦ, ਪ੍ਰਗਟ ਸਿੰਘ ਭਾਖਰ, ਗੁਰਜੰਟ ਸਿੰਘ ਲੋਹਰਾ ,ਹਰਵਿੰਦਰ ਸਿੰਘ, ਮਨਜੀਤ ਸਿੰਘ ਬਰਾੜ ਐਸਪੀ ,ਹਰਵਿੰਦਰ ਸਿੰਘ ਜੋਗੀਪੁਰ, ਲਖਵਿੰਦਰ ਸਿੰਘ ਜੋਗੀਪੁਰ, ਰਾਗੀ ਭਾਈ ਕਿਰਪਾਲ ਸਿੰਘ ਜੀ ਵਾੜਾ ਸ਼ੇਰ ਸਿੰਘ ਪਾਰਟੀ ਵਿੱਚ ਸ਼ਾਮਿਲ ਹੋਏ। ਇਹ ਜਾਣਕਾਰੀ ਸ੍ਰ ਜਗਰੂਪ ਸਿੰਘ ਜੀ ਸ਼ਹਿਰੀ ਪ੍ਰਧਾਨ IPD ਵੱਲੋਂ ਦਿੱਤੀ ਗਈ। ਪਾਰਟੀ ਵਿੱਚ ਪਹੁੰਚੇ ਸਮੂਹ ਅਹੁਦੇਦਾਰਾਂ ਵੱਲੋਂ ਸਰਦਾਰ ਨਿਰਮਲ ਸਿੰਘ ਜੀ ਦੇ ਕੀਤੇ ਹੋਏ ਕੰਮ ਕਾਜਕਾਰਾਂ ਦੀ ਸ਼ਲਾਂਘਾ ਕੀਤੀ ।

**(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243